ਪੰਜਾਬੀ

# ਸਿੱਖਿਆ ’ਤੇ ਗਾਈਡ

ਸਿੱਖਿਆ ’ਤੇ ਗਾਈਡ

## ਸਿੱਖਿਆ 'ਤੇ ਭੂਮਿਕਾ

ਰੋਮ ਦੇ ਮੇਅਰ ਦੀ ਵੱਖ-ਵੱਖ ਸੰਸਕ੍ਰਿਤੀਆਂ ਦੀ ਪ੍ਰਤੀਨਿਧੀ ਹੋਣ ਦੇ ਨਾਤੇ ਇਹ ਕਿਤਾਬ ਵੀ ਮੇਰੀ ਜਿੰਮੇਵਾਰੀ 'ਤੇ ਛਪੀ ਉਨਾਂ ਕਿਤਾਬਾਂ ਦੀ ਇੱਕ ਕੜੀ ਹੈ ਜੋ ਪਹਿਲਾਂ ਵੀ ਵੱਖ-ਵੱਖ ਭਾਸ਼ਾਵਾਂ ਅਤੇ ਵੱਖੋ-ਵੱਖ ਵਿਸ਼ਿਆਂ 'ਤੇ ਛਪ ਚੁੱਕੀਆਂ ਹਨ। ਇਹ ਕਿਤਾਬ ਬਹੁਤ ਲਾਭਦਾਇਕ ਹੈ ਖਾਸਕਰ ਉਨ੍ਹਾਂ ਵਿਦੇਸ਼ੀ ਪਰਿਵਾਰਾਂ ਲਈ ਜੋ ਰੋਮ ਵਿਚ ਰਹਿ ਰਹੇ ਹਨ ਅਤੇ ਸਿੱਖਿਆ ਸਬੰਧੀ ਮੁਸ਼ਕਿਲਾਂ ਦਾ ਸਾਹਮਣਾ ਕਰ ਰਹੇ ਹਨ, ਸਿੱਖਿਆ ਦੇ ਸੰਸਾਰ ਵਿਚ ਇਹ ਕਿਤਾਬ ਬੱਚਿਆਂ, ਨੌਜਵਾਨਾਂ ਅਤੇ ਪਰਿਵਾਰਾਂ ਦਾ ਇੱਕ ਨਿੱਘਾ ਸਾਥ ਹੈ।

ਸਭ ਤੋਂ ਪਹਿਲਾਂ ਅਸੀਂ ਜਾਣੂ ਕਰਵਾ ਰਹੇ ਹਾਂ, ਸਿੱਖਿਆ ਦੀਆਂ ਕਦਰਾਂ ਕੀਮਤਾਂ ਤੋਂ ਜੋ ਕਿ ਰੋਮ ਦੇ ਪ੍ਰਸ਼ਾਸਨ ਦੀ ਜਿੰਮੇਵਾਰੀ ਬਣਦੀ ਹੈ ਅਤੇ ਇਸ ਦੇ ਨਾਲ-ਨਾਲ ਸਿੱਖਿਆ ਰੋਮ ਦੇ ਨਾਗਰਿਕ, ਮਹਿਮਾਨ ਜਾਂ ਵਿਦੇਸ਼ੀ ਦਾ ਨਿੱਜੀ ਹੱਕ ਵੀ ਹੈ।

ਇਸ ਕਿਤਾਬ ਰਾਹੀਂ ਅਸੀਂ ਇਟਾਲੀਅਨ ਸਕੂਲ ਦੇ ਢਾਂਚੇ ਦੀ ਰੂਪ-ਰੇਖਾ ਪੇਸ਼ ਕੀਤੀ ਹੈ। ਇਹ ਉਨ੍ਹਾਂ ਲਈ ਵੀ ਮਾਰਗ ਦਰਸ਼ਨ ਹੈ ਜੋ ਆਪਣੇ ਦੇਸ਼ ਜਾਂ ਇਟਲੀ ਵਿੱਚ ਕਿਸੇ ਕਾਰਨਾਂ ਕਰਕੇ ਸਕੂਲ ਨਹੀਂ ਜਾ ਸਕੇ ਜਾਂ ਜਾ ਰਹੇ। ਇਸ ਵਿੱਚ ਨਰਸਰੀ ਤੋਂ ਲੈ ਕੇ ਯੂਨੀਵਰਸਿਟੀ ਤੱਕ ਦਾ ਸਫਰ ਦਰਸਾਇਆ ਗਿਆ ਹੈ।

ਇੰਨੇ ਕੁਝ ਦੇ ਬਾਵਜੂਦ ਵੀ ਇਟਾਲੀਅਨ ਕਾਨੂੰਨ ਨਿਵਾਸ ਆਗਿਆ ਜਾਂ ਨਾਗਰਿਕਤਾ ਦੇ ਸਬੰਧ ਵਿੱਚ ਅਜੇ ਕਮਜੋਰ ਹੈ ਪਰ ਇਸਦੀ ਸੀਮਾਂ ਅੰਦਰ ਰਹਿ ਰਹੇ ਬੱਚਿਆਂ ਲਈ ਸਿੱਖਿਆ ਬਹੁਤ ਜਰੂਰੀ ਹੈ, ਜੋ ਕਿ ਹਰ ਕਾਨੂੰਨੀ ਸੀਮਾਂ ਤੋਂ ਬਾਹਰ ਹੈ।

ਪਰਿਵਾਰ ਨੂੰ ਇਕੱਠਾ ਕਰਨ ਦੀ ਯੋਜਨਾ ਕਾਰਨ ਵਿਦੇਸ਼ੀ ਬੱਚਿਆਂ ਦੀ ਗਿਣਤੀ ਵਧੀ ਹੈ ਅਤੇ ਓਨਾ ਹੀ ਜਰੂਰੀ ਹੋ ਗਿਆ ਹੈ ਕਿ ਉਹ ਆਪਣੀ ਸਿੱਖਿਆ ਅਧੂਰੀ ਨਾ ਛੱਡਣ।

ਇਸ ਗਾਈਡ ਰਾਹੀਂ ਕੰਮ-ਕਾਜ ਲੱਭਣ ਸਬੰਧੀ ਵਿਭਾਗਾਂ ਦੀ ਜਾਣਕਾਰੀ ਅਤੇ ਉਨਾਂ ਵਿੱਚ ਨਾਮ ਦਰਜ ਕਰਾਉਣ ਸਬੰਧੀ ਜਾਣਕਾਰੀ ਵੀ ਮੁਹੱਈਆ ਕਰਵਾਈ ਜਾ ਰਹੀ ਹੈ।

ਸਾਡਾ ਟੀਚਾ ਵਿਦੇਸ਼ੀ ਨੌਜਵਾਨਾਂ, ਪਰਿਵਾਰਾਂ ਨੂੰ ਉਨ੍ਹਾਂ ਦੇ ਹੱਕਾਂ, ਸਿੱਖਿਆ ਸਬੰਧੀ ਭਰਪੂਰ ਜਾਣਕਾਰੀ ਅਤੇ ਸੁਰੱਖਿਆ ਸਬੰਧੀ ਅਜਾਦੀ ਨਾਲ ਰਹਿਣ ਪੜ੍ਹਨ ਦੇ ਕਾਨੂੰਨਾਂ ਨਾਲ ਜਾਣੂ ਕਰਾਉਣਾ ਹੈ।

ਨੌਜਵਾਨਾਂ ਨੂੰ ਪੜ੍ਹਾਈ ਤੋਂ ਬਾਅਦ ਕੰਮਾਂ-ਕਾਜਾਂ ਨਾਲ ਜੋੜ੍ਹਨਾਂ ਅਤੇ ਇਸ ਸਬੰਧੀ ਜਾਣਕਾਰੀ ਮੁਹੱਈਆ ਕਰਵਾਉਣਾ, ਯੂਰਪੀਅਨ ਯੂਨੀਅਨ ਦੇ ਮੈਂਬਰ ਦੇਸ਼ਾਂ ਵਿਚ ਯੂਰਪੀਅਨ ਕਮਿਸ਼ਨ ਅਨੁਸਾਰ ਉੱਚ ਤਕਨੀਕੀ ਸਿੱਖਿਆ ਵਾਲੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਸਿੱਖਿਆ ਮੁਤਾਬਿਕ ਅਵਸਰ ਪ੍ਰਦਾਨ ਕਰਨਾ ਵੀ ਜਿੰਮੇਵਾਰੀ ਬਣ ਜਾਂਦੀ ਹੈ।

ਸਾਨੂੰ ਉਮੀਦ ਹੈ ਕਿ, ਇਸ ਛੋਟੀ ਜਿਹੀ ਕੋਸ਼ਿਸ਼ ਜਰੀਏ ਅਸੀਂ ਆਪਣੇ ਵਿਦੇਸ਼ੀ ਮਹਿਮਾਨਾਂ ਨੂੰ ਵਿੱਦਿਅਕ ਕੇਂਦਰਾਂ, ਸਿੱਖਿਆ ਪ੍ਰਣਾਲੀ, ਅਧਿਆਪਕ ਅਮਲੇ ਨਾਲ ਜਾਣੂ ਕਰਵਾਵਾਂਗੇ ਅਤੇ ਇਹ ਸਾਰੇ ਵਿਦੇਸ਼ੀਆਂ ਦਾ ਹਮੇਸ਼ਾਂ ਸੁਆਗਤ ਕਰਦੇ ਰਹਿਣਗੇ ਜਿਸ ਨਾਲ ਸਾਡੇ ਵਿਦੇਸ਼ੀ ਵੀ ਇਟਾਲੀਅਨ ਸੁਸਾਇਟੀ ਦਾ ਹਿੱਸਾ ਬਣਨਗੇ।

AccoglienzaStranieri.it

**ਮੋਰੇਤੀ ਕਾਨੂੰਨ ਦੇ ਅਧਾਰ 'ਤੇ ਕਿਹੜੇ ਨਵੇਂ ਬਦਲਾਅ ਹੋਏ ਹਨ।**

ਕਾਨੂੰਨ ਨੰ: 53/2003 ਦੇ ਅਧਾਰ 'ਤੇ ਇਟਾਲੀਅਨ ਸਿੱਖਿਆ ਢਾਂਚੇ ਵਿਚ ਕਈ ਤਰਾਂ ਦੇ ਬਦਲਾਅ ਹੋਏ ਹਨ, ਇਸ ਕਾਨੂੰਨ ਨੂੰ "ਮੋਰੇਤੀ ਕਾਨੂੰਨ" ਕਹਿਣਾ ਜਿਆਦਾ ਠੀਕ ਹੋਵੇਗਾ।

ਇਹ ਸਾਰਾ ਸਿੱਖਿਆ ਢਾਂਚਾ ਅੱਗੋਂ ਕਈ ਭਾਗਾਂ ਵਿੱਚ ਵੰਡਿਆ ਹੋਇਆ ਹੈ।

ਸਭ ਤੋਂ ਪਹਿਲਾਂ, ਸਿੱਖਿਆ ਦੇ ਸਮੇਂ ਵਿਚ ਜਰੂਰੀ ਬਦਲਾਅ ਕੀਤੇ ਗਏ ਹਨ। ਕਾਨੂੰਨ ਨੰ: 53/2003 ਅਨੁਸਾਰ ਸਿੱਖਿਆ ਦਾ **ਸਮਾਂ 12 ਸਾਲ ਲਈ ਜਾਂ ਜਦੋਂ ਤੱਕ ਬੱਚੇ 18 ਸਾਲ ਦੇ ਨਹੀਂ ਹੋ ਜਾਂਦੇ ਜਾਂ ਜਦ ਤੱਕ ਉਹ ਕਿਸੇ ਪੇਸ਼ਾਵਰ ਕੋਰਸ ਦੇ ਲਾਇਕ ਨਹੀਂ ਹੋ ਜਾਂਦੇ।**

ਮੋਰੇਤੀ ਢਾਂਚੇ ਵਿਚ ਕੁਝ ਖਾਸ ਬਦਲਾਅ ਵੀ ਸ਼ਾਮਿਲ ਹਨ:

ਲੋਨ, ਵਿਦਿਆਰਥੀ ਦੀ ਰੁੱਚੀ ਅਨੁਸਾਰ ਸਿੱਖਿਆ ਰਸਤਾ ਚੁਨਣ ਦੀ ਸਹੂਲਤ, ਵਿਦਿਆਰਥੀਆਂ ਨੂੰ ਸਿੱਖਿਆ ਸਬੰਧੀ ਸਾਰੀਆਂ ਸਹੂਤਾਂ ਮੁਹੱਈਆ ਕਰਵਾਉਣੀਆਂ।

**ਨਰਸਰੀ ਸਕੂਲ**

ਨਵੇਂ ਸਿੱਖਿਆ ਢਾਂਚੇ ਅਨੁਸਾਰ ਹਰ ਚਾਲੂ ਸਾਲ ਵਿੱਚ 30 ਅਪ੍ਰੈਲ ਤੱਕ ਤਿੰਨ ਸਾਲ ਦੀ ਉਮਰ ਪੂਰੀ ਕਰ ਲੈਣ ਵਾਲੇ ਬੱਚਿਆਂ ਲਈ ਨਰਸਰੀ ਸਕੂਲ ਸ਼ੁਰੂ ਕੀਤਾ ਗਿਆ ਹੈ। ਇਹ ਤਿੰਨ ਸਾਲ ਦਾ ਸਮਾਂ ਜਰੂਰੀ ਸਿੱਖਿਆ ਦਾ ਹਿੱਸਾ ਨਹੀਂ ਹੈ। ਇਸ ਪੜਾਅ ਵਿਚ ਬੱਚਿਆਂ ਦੀ ਹਾਜਰੀ ਵੀ ਕੋਈ ਜਰੂਰੀ ਨਹੀਂ ਹੈ। ਇਹ ਸਿਰਫ ਮਾਂ-ਬਾਪ ਲਈ ਇੱਕ ਵਾਧੂ ਸਹੂਲਤ ਹੈ।

ਪ੍ਰਾਇਮਰੀ ਸਕੂਲ ਤੋਂ ਬੱਚੇ ਦੀ ਜਰੂਰੀ ਪੜ੍ਹਾਈ ਸ਼ੁਰੂ ਹੁੰਦੀ ਹੈ, ਇਹ ਸਾਰੇ ਬੱਚਿਆਂ ਦੀ ਪੜ੍ਹਾਈ ਦਾ ਪਹਿਲਾ ਪੜਾਅ ਹੈ, ਇਹ ਪੜਾਅ ਨਰਸਰੀ ਸਕੂਲ ਤੋਂ ਆਉਣ ਵਾਲੇ ਬੱਚਿਆਂ ਅਤੇ ਜੋ ਬੱਚੇ ਇਸ ਤੋਂ ਪਹਿਲਾਂ ਕਦੇ ਵੀ ਨਰਸਰੀ ਸਕੂਲ ਨਹੀਂ ਗਏ ਦੋਵਾਂ ਲਈ ਜਰੂਰੀ ਹੈ।

ਅਕਸਰ ਨਰਸਰੀ ਸਕੂਲ ਦਾ ਦਾਖਲਾ ਸਮਾਂ ਜਨਵਰੀ ਤੋਂ ਗਿਣਿਆ ਜਾਂਦਾ ਹੈ। ਕਿਸੇ ਵੀ ਤਰਾਂ ਦੇ ਬਦਲਾਅ ਹੋਣ ਦੀ ਸੂਰਤ ਵਿਚ ਮਿਊਨਸੀਪਲ ਵੱਲੋਂ ਪਹਿਲਾਂ ਸੂਚਨਾ ਦਿੱਤੀ ਜਾਂਦੀ ਹੈ।

**ਪਹਿਲਾ ਸਿੱਖਿਆ ਪੜਾਅ (8 ਸਾਲ)**
**ਪ੍ਰਾਇਮਰੀ ਸਕੂਲ (5 ਸਾਲ) – ਹੇਠਲਾ ਸੈਕੰਡਰੀ ਸਕੂਲ (3 ਸਾਲ)**

ਸਿੱਖਿਆ ਦੇ ਪਹਿਲੇ ਪੜਾਅ ਵਿਚ ਦੋ ਭਾਗ ਹਨ; ਪ੍ਰਾਇਮਰੀ ਸਕੂਲ ਅਤੇ ਹੇਠਲਾ ਸੈਕੰਡਰੀ ਸਕੂਲ, ਇਸਦਾ ਸਮਾਂ 8 ਸਾਲ ਦਾ ਹੈ।

ਇਸ ਪੜਾਅ ਵਿਚ ਕੋਈ ਬੰਦਿਸ਼ ਨਹੀਂ ਹੈ, ਇਹ ਸੁਤੰਤਰ ਪੜਾਅ ਹੈ।

ਹਰ ਚਾਲੂ ਸਾਲ ਦੇ 31 ਅਗਸਤ ਤੱਕ 6 ਸਾਲ ਦੀ ਉਮਰ ਪੂਰੀ ਕਰਨ ਵਾਲੇ ਬੱਚਿਆਂ ਦਾ ਪ੍ਰਾਇਮਰੀ ਸਕੂਲ ਵਿੱਚ ਦਾਖਲਾ ਹੁੰਦਾ ਹੈ।

ਯੂਨੀਵਰਸਿਟੀ ਐਂਡ ਰਿਸਰਚ ਸਿੱਖਿਆ ਮੰਤਰਾਲੇ ਦੇ ਸਰਕੂਲਰ ਪੱਤਰ ਦੇ ਅਧਾਰ 'ਤੇ ਦਾਖਲੇ ਦੀ ਅੰਤਿਮ ਤਾਰੀਖ ਦਿੱਤੀ ਜਾਂਦੀ ਹੈ ਪਰ ਅਕਸਰ 31 ਜਨਵਰੀ ਤੱਕ ਦਾਖਲੇ ਲਈ ਚਾਲੂ ਸਾਲ ਮੰਨਿਆ ਜਾਂਦਾ ਹੈ।

**ਪ੍ਰਾਇਮਰੀ ਸਕੂਲ,**

ਜਿਸਦਾ ਸਮਾਂ 5 ਸਾਲ ਦਾ ਹੈ, ਅੱਗੋਂ ਤਿੰਨ ਹਿੱਸਿਆਂ ਵਿੱਚ ਵੰਡਿਆ ਹੋਇਆ ਹੈ: ਜਿਸਦਾ ਪਹਿਲਾ ਭਾਗ ਇੱਕ ਸਾਲ ਦਾ ਅਤੇ ਦੋ ਭਾਗ ਦੋ-ਦੋ ਸਾਲ ਦੇ ਹਨ।

ਮਾਂ-ਬਾਪ ਆਪਣੇ ਬੱਚੇ ਦਾ ਦਾਖਲਾ ਪ੍ਰਾਇਮਰੀ ਸਕੂਲ ਵਿੱਚ ਕਰਾਉਣ ਲਈ ਸਕੂਲ ਦੀ ਚੋਣ ਕਰਕੇ ਫਾਰਮ ਭਰ ਸਕਦੇ ਹਨ। ਮਾਂ-ਬਾਪ ਵੱਲੋਂ ਬੱਚੇ ਦੇ ਸਾਰੇ ਵੇਰਵੇ ਅਤੇ ਹੋਰ ਜਰੂਰੀ ਵੇਰਵੇ ਫਾਰਮ ਵਿੱਚ ਭਰਨੇ ਜਰੂਰੀ ਹਨ। ਉਦਾਹਰਣ ਦੇ ਤੌਰ 'ਤੇ, ਕਿ ਬੱਚੇ ਨੂੰ ਕੈਥੋਲਿਕ ਸਿੱਖਿਆ ਸਬੰਧੀ ਪਾਠ ਪੜ੍ਹਾਇਆ ਜਾਵੇ ਜਾਂ ਨਹੀਂ, ਬੱਚਾ ਖਾਣਾ ਸਕੂਲ ਵਿੱਚ ਖਾਏਗਾ ਜਾਂ ਨਹੀਂ, ਬੱਚਾ ਸਕੂਲ ਦੇ ਆਵਾਜਾਈ ਸਾਧਨ ਦੀ ਵਰਤੋਂ ਕਰੇਗਾ ਜਾਂ ਨਹੀਂ ਅਤੇ ਬੱਚਾ ਸਕੂਲ ਤੋਂ ਪਹਿਲਾਂ ਅਤੇ ਬਾਅਦ ਵਿੱਚ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਦੀ ਵਰਤੋਂ ਕਰੇਗਾ ਜਾਂ ਨਹੀਂ।

ਮਾਂ-ਬਾਪ ਬੱਚੇ ਦੇ ਸਕੂਲ ਰਹਿਣ ਦਾ ਸਮੇਂ ਦੀ ਚੋਣ ਕਰ ਸਕਦੇ ਹਨ ਕਿ ਬੱਚਾ ਹਫਤੇ ਵਿੱਚ ਕਿੰਨੇ ਘੰਟੇ ਸਕੂਲ ਵਿੱਚ ਰਹੇਗਾ। ਪ੍ਰਾਇਮਰੀ ਸਕੂਲ ਵਿੱਚ ਘੱਟ ਤੋਂ ਘੱਟ 30 ਘੰਟੇ ਅਤੇ ਵੱਧ ਤੋਂ ਵੱਧ 40 ਘੰਟੇ ਹਫਤੇ ਵਿੱਚ ਹੋਣੇ ਚਾਹੀਦੇ ਹਨ।

ਕਿਸੇ ਵੀ ਤਰਾਂ ਦਾ ਇਮਤਿਹਾਨ ਦਿੱਤੇ ਬਿਨਾਂ ਹੀ ਬੱਚਾ ਹੇਠਲੇ ਸੈਕੰਡਰੀ ਸਕੂਲ ਵਿੱਚ ਪਹੁੰਚ ਜਾਵੇਗਾ, ਅਤੇ ਜੇਕਰ ਬੱਚਾ ਸ਼ੁਰੂ ਤੋਂ ਇੱਕ ਹੀ ਸਕੂਲ ਵਿੱਚ ਪੜ੍ਹ ਰਿਹਾ ਹੋਵੇ ਤਾਂ ਬਾਰ-ਬਾਰ ਬੱਚੇ ਲਈ ਫਾਰਮ ਭਰਨ ਦੀ ਜਰੂਰਤ ਨਹੀਂ ਹੋਵੇਗੀ। ਜੇਕਰ ਵਿਦਿਆਰਥੀ ਕਿਸੇ ਹੋਰ ਸਕੂਲ ਤੋਂ ਬਦਲ ਕੇ ਆਉਂਦਾ ਹੈ ਤਾਂ ਉਸ ਹਾਲਤ ਵਿੱਚ ਦੁਬਾਰਾ ਦਾਖਲੇ ਲਈ ਫਾਰਮ ਭਰਨਾ ਜਰੂਰੀ ਹੋਵੇਗਾ।

ਹੇਠਲੀ ਸੈਕੰਡਰੀ ਸਿੱਖਿਆ ਦਾ ਸਮਾਂ ਤਿੰਨ ਸਾਲ ਦਾ ਹੈ ਅਤੇ ਇਹ ਪਹਿਲੇ ਸਿੱਖਿਆ ਪੜਾਅ ਨੂੰ ਪੂਰਾ ਕਰਦੀ ਹੈ। ਇਸ ਪੜਾਅ ਵਿੱਚ ਹਫਤੇ ਦੇ 27 ਘੰਟੇ ਪੂਰੇ ਕਰਨੇ

AccoglienzaStranieri.it

ਜ਼ਰੂਰੀ ਹਨ।

ਸਕੂਲ ਦਾ ਅੱਠ ਸਾਲ ਦਾ ਸਮਾਂ ਪੂਰਾ ਹੋ ਜਾਣ 'ਤੇ ਵਿਦਿਆਰਥੀ ਨੂੰ ਦੂਜੇ ਸਿੱਖਿਆ ਪੜ੍ਹਾਅ ਵਿਚ ਜਾਣ ਲਈ ਸਟੇਟ ਦਾ ਇਮਤਿਹਾਨ ਦੇਣਾ ਪੈਂਦਾ ਹੈ ਜੋ ਕਿ ਉੱਚ ਸਿੱਖਿਆ ਪ੍ਰਾਪਤ ਕਰਨ ਲਈ ਜ਼ਰੂਰੀ ਹੈ।

**ਸਿੱਖਿਆ ਦਾ ਦੂਜਾ ਪੜ੍ਹਾਅ**

ਸਟੇਟ ਦਾ ਇਮਤਿਹਾਨ ਪਾਸ ਕਰਨ ਤੋਂ ਬਾਅਦ, ਵਿਦਆਰਥੀ ਦੂਜੇ ਪੜ੍ਹਾਅ ਵਿਚ ਦਾਖਲ ਹੋ ਜਾਂਦਾ ਹੈ, ਜਿਥੇ ਕਿ ਦਾਖਲਾ ਫੀਸ ਦੇਣੀ ਪੈਂਦੀ ਹੈ।

ਅਕਸਰ 14 ਸਾਲ ਦੀ ਉਮਰ ਤੱਕ ਵਿਦਿਆਰਥੀ ਸਿੱਖਆ ਦੇ ਦੂਜੇ ਪੜ੍ਹਾਅ ਵਿਚ ਪਹੁੰਚ ਜਾਂਦੇ ਹਨ। ਇਸ ਦੂਜੇ ਦੌਰ ਵਿਚ ਵਿਦਿਆਰਥੀ ਨੂੰ ਹਾਈ ਸਕੂਲ (ਲੀਚੇ) ਅਤੇ ਤਕਨੀਕੀ ਸਿੱਖਿਆ ਵਿਚੋਂ ਚੋਣ ਕਰਨੀ ਪੈਂਦੀ ਹੈ।

**ਹਾਈ ਸਕੂਲ** ਦਾ ਪੰਜ ਸਾਲ ਦਾ ਸਮਾਂ ਹੈ, ਜਿਸ ਨੂੰ ਕਿ ਪੂਰਾ ਕਰਨ ਲਈ ਦੋ-ਦੋ ਸਾਲ ਅਤੇ ਇਕ ਸਾਲ ਵਿਚ ਵੰਡਿਆ ਗਿਆ ਹੈ ਅਤੇ ਇਹ ਸਿੱਖਿਆ ਯੂਨੀਵਰਸਿਟੀ ਵਿਚ ਸਿੱਖਿਆ ਪ੍ਰਾਪਤ ਕਰਨ ਦਾ ਅਧਾਰ ਹੈ।

ਹਾਈ ਸਕੂਲ ਦੇ ਅੱਠ ਵਰਗ ਹਨ: ਕਲਾਸੀਕਲ, ਸਾਇੰਟੀਫਿਕ, ਲਿੰਗੁਇਸਟਿਕ, ਹਿਊਮਨ ਸਾਇੰਸਿਜ਼, ਇਕਨੋਮਿਕਸ (ਸੰਸਥਾਨਿਕ ਅਤੇ ਫਰਮ ਵਿਸ਼ਸਟੀਕਰਨ), ਟੈਕਨੋਲੋਜੀਕਲ (ਮਕੈਨਿਕ ਅਤੇ ਮਕੈਟਰੋਨਿਕ, ਇਲੈਕਟ੍ਰਿਕ ਅਤੇ ਇਲੈਕਟ੍ਰੋਨਿਕਸ, ਇਨਫਰਮੇਸ਼ਨ ਟੈਕਨੋਲੋਜੀ ਅਤੇ ਕਮਿਊਨੀਕੇਸ਼ਨਜ਼, ਕੈਮਿਸਟਰੀ, ਬਾਇਓਲੋਜੀਕਲ ਅਤੇ ਬਾਇਓਟੈਕਨੀਕਲ ਫੂਡ ਪ੍ਰੋਡਕਸ਼ਨਜ਼, ਕੰਸਟਰਕਸ਼ਨਜ਼, ਇਨਵਾਇਰਨਮੈਂਟ ਅਤੇ ਟੈਰੇਟਰੀ, ਲੋਜਿਸਟਿਕਸ ਅਤੇ ਟਰਾਂਸਪੋਰਟ, ਟੈਕਸਟਾਈਲ ਟੈਕਨੋਲੋਜੀ ਅਤੇ ਕਲੈਂਡਿੰਗ), ਆਰਟਿਸਟਿਕਸ (ਪ੍ਰਤੀਰੂਪੀ ਆਰਟਸ, ਆਰਕੀਟੈਕਚੂਅਲ ਡਿਜ਼ਾਈਨ, ਮਲਟੀਮੀਡੀਆ ਅਤੇ ਆਡੀਓਵਿਜ਼ੂਅਲ ਸਕੈਨੋਗਰਾਫ਼ੀ) ਅਤੇ ਮਿਊਜ਼ੀਕਲ ਅਤੇ ਕੋਰੀਉਟਿਕ ਹਾਈ ਸਕੂਲ (ਮਿਊਜ਼ਿਕ ਅਤੇ ਕੋਰੀਉਟਿਕ ਸੈਕਸ਼ਨ)।

ਤਕਨੀਕੀ ਟਰੇਨਿੰਗ ਸਿੱਖਿਆ ਦਾ ਸਮਾਂ ਚਾਰ ਸਾਲ ਦਾ ਹੈ (ਜਾਣਕਾਰੀ ਹਾਸਿਲ ਕਰਨ ਲਈ ਵਿਦਿਆਰਥੀ ਦੀ ਇੱਛਾ ਅਨੁਸਾਰ ਇਕ ਸਾਲ ਦਾ ਵਾਧੂ ਸਮਾਂ ਹੋ ਸਕਦਾ ਹੈ)।

ਹਾਈ ਸਕੂਲ ਅਤੇ ਤਕਨੀਕੀ ਸਿੱਖਿਆ ਦਾ ਸਮਾਂ ਸਟੇਟ ਦੁਆਰਾ ਲਏ ਇਮਤਿਹਾਨ ਨਾਲ ਪੂਰਾ ਹੁੰਦਾ ਹੈ, ਇਮਤਿਹਾਨ ਪਾਸ ਕਰਨ ਉਪਰੰਤ ਹੀ ਵਿਦਿਆਰਥੀ ਯੂਨੀਵਰਸਿਟੀ ਜਾਣ ਦੇ ਕਾਬਿਲ ਹੁੰਦਾ ਹੈ।

ਹਾਈ ਸਕੂਲ ਅਤੇ ਤਕਨੀਕੀ ਸਿੱਖਿਆ ਦੋਨਾਂ ਵਿਚ ਹੀ ਵਿਦਿਆਰਥੀ ਜਿਹੜਾ ਕੋਰਸ ਕਰ ਰਿਹਾ ਹੈ ਜੇ ਉਹ ਉਸਨੂੰ ਬਦਲਣਾ ਚਾਹੇ ਤਾਂ ਉਹ ਕੋਰਸ ਨੂੰ ਬਦਲ ਕੇ ਦੂਜੇ ਕੋਰਸ ਵਿਚ ਜਾ ਸਕਦਾ ਹੈ।

ਇੱਕ ਕੋਰਸ ਤੋਂ ਦੂਜੇ ਕੋਰਸ ਵਿਚ ਜਾਣ ਲਈ ਵੀ ਨਵੀਂ ਸਿੱਖਿਆ ਪ੍ਰਣਾਲੀ ਸਹਾਈ ਹੋਈ ਹੈ। ਇਸ ਅਧੀਨ ਵਿਦਆਰਥੀ ਦੀ ਯੋਗਤਾ ਨੂੰ ਵੀ ਧਿਆਨ ਵਿਚ ਰੱਖਿਆ ਜਾਂਦਾ ਹੈ।

ਜੇ ਵਿਦਿਆਰਥੀ ਇੱਕ ਜਾਂ ਵੱਧ ਵਿਸ਼ਿਆਂ ਵਿਚ ਫੇਲ ਹੋ ਜਾਂਦਾ ਹੈ ਅਤੇ ਪਾਸ ਹੋਣ ਦੀ ਸਮਰੱਥਾ ਰੱਖਦਾ ਹੈ ਤਾਂ ਉਸਨੂੰ ਅਸਥਾਈ ਤੌਰ 'ਤੇ ਅਗਲੀ ਕਲਾਸ ਵਿਚ ਭੇਜ ਦਿੱਤਾ ਜਾਂਦਾ ਹੈ। ਅਗਲੀ ਕਲਾਸ ਵਿਚ ਜਾਣ ਮਗਰੋਂ ਉਸਨੂੰ ਫੇਲ ਹੋਏ ਵਿਸ਼ਿਆਂ ਨੂੰ ਵੀ ਪਾਸ ਕਰਨਾ ਪਵੇਗਾ।

ਵਜ਼ੀਫਾ ਉਨ੍ਹਾਂ ਵਿਦਿਆਰਥੀਆਂ ਲਈ ਰਾਖਵਾਂ ਹੁੰਦਾ ਹੈ ਜਿਹੜੇ ਵਿਦਿਆਰਥੀ ਵਜ਼ੀਫਾ ਟੈਸਟ ਪਾਸ ਕਰਕੇ ਇਸ ਦੇ ਕਾਬਿਲ ਹੁੰਦੇ ਹਨ। ਇਸ ਅਧੀਨ ਸਾਰੇ ਸਾਲ ਦੀਆਂ ਪ੍ਰਾਪਤੀਆਂ ਨੂੰ ਵੀ ਵਿਚਾਰਿਆ ਜਾਂਦਾ ਹੈ।

'ਮੋਰੇਤੀ ਸਿੱਖਿਆ ਕਾਨੂੰਨ' ਨੇ ਇੱਕ ਹੋਰ ਤਬਦੀਲੀ ਲਿਆਂਦੀ ਹੈ ਜਿਸ ਅਧੀਨ ਪੜ੍ਹਾਈ ਦੇ ਘੰਟਿਆਂ ਦੀ ਤਬਦੀਲੀ, ਜ਼ਰੂਰੀ ਸਿੱਖਿਆ ਅਤੇ ਵਿਸ਼ਿਆਂ ਦੀ ਚੋਣ ਵਿਦਆਰਥੀ ਆਪਣੀ ਰੁੱਚੀ ਅਨੁਸਾਰ ਕਰ ਸਕਦਾ ਹੈ।

ਵਰਣਨਯੋਗ ਹੈ ਕਿ, ਸਿਲੇਬਸ ਅਤੇ ਪੜ੍ਹਾਉਣ ਦਾ ਤਰੀਕਾ ਸਾਰੇ ਵਿਦਿਆਰਥੀਆਂ ਲਈ ਇੱਕੋ ਜਿਹਾ ਹੈ ਪਰ ਵਿਸ਼ਿਆਂ ਦੀ ਚੋਣ ਵਿਦਿਆਰਥੀ ਆਪਣੀ ਰੁੱਚੀ ਅਤੇ ਸੁਵਿਧਾ ਦੇ ਹਿਸਾਬ ਨਾਲ ਕਰ ਸਕਦਾ ਹੈ।

ਜਿਸ ਤਰਾਂ ਪਹਿਲਾਂ ਵੀ ਜਿਕਰ ਕੀਤਾ ਗਿਆ ਹੈ ਕਿ ਪੜ੍ਹਾਈ ਦੇ ਅੰਤ 'ਤੇ ਵਿਦਿਆਰਥੀ ਨੂੰ ਹਾਈ ਸਕੂਲ ਜਾਂ ਤਕਨੀਕੀ ਸਿੱਖਿਆ ਟਰੇਨਿੰਗ ਦਾ ਸਟੇਟ ਵੱਲੋਂ ਲਿਆ ਜਾਣ ਵਾਲਾ ਇਮਤਿਹਾਨ ਪਾਸ ਕਰਨਾ ਜ਼ਰੂਰੀ ਹੋਵੇਗਾ ਜਿਸ ਨੂੰ ਪਾਸ ਕਰਨ ਉਪਰੰਤ ਹੀ ਵਿਦਿਆਰਥੀ ਯੂਨੀਵਰਸਿਟੀ ਵਿਚ ਦਾਖਲਾ ਲੈ ਸਕਦਾ ਹੈ।

## ਸਕੂਲ ਵਿੱਚ ਵਿਦੇਸ਼ੀਆਂ ਦਾ ਦਾਖਲਾ

ਇਟਲੀ ਵਿਚ ਕਾਨੂੰਨੀ ਤੌਰ 'ਤੇ ਰਹਿਣ ਵਾਲੇ ਵਿਦੇਸ਼ੀ ਨਾਗਰਿਕਾਂ ਲਈ ਸਿੱਖਿਆ ਦਾ ਅਧਾਰ ਇਟਾਲੀਅਨ ਨਾਗਰਿਕਾਂ ਵਾਂਗ ਹੀ ਹੈ।

**ਵਿਦੇਸ਼ੀ ਨਾਬਾਲਗਾਂ ਲਈ ਸਿੱਖਿਆ ਦਾ ਅਧਿਕਾਰ**

ਇਟਲੀ ਵਿਚ ਰਹਿਣ ਵਾਲੇ ਵਿਦੇਸ਼ੀ ਨਾਬਾਲਗ ਨਾਗਰਿਕਾਂ ਲਈ ਸਿੱਖਿਆ ਦਾ ਅਧਿਕਾਰ ਕਿਸੇ ਵੀ ਕਾਨੂੰਨੀ ਬੰਦਿਸ਼ਾਂ ਤੋਂ ਬਿਨਾਂ ਇਟਾਲੀਅਨ ਨਾਗਰਿਕਾਂ ਦੀ ਤਰਾਂ ਹੀ ਹੈ। ਜ਼ਰੂਰੀ ਸਿੱਖਿਆ ਅਤੇ ਚੋਣਵੀਂ ਸਿੱਖਿਆ ਲਈ (ਕਾਨੂੰਨ 53/03) ਇਟਲੀ ਵਿਚ ਨਾਬਾਲਗਾਂ 15 ਤੋਂ 18 ਸਾਲ ਦੇ ਵਿਦਿਆਰਥੀਆਂ ਲਈ ਵੀ ਕਿਸੇ ਵੀ ਤਰਾਂ ਦੀਆਂ ਕਾਨੂੰਨੀ ਬੰਦਿਸ਼ਾਂ ਤੋਂ ਬਿਨਾਂ ਸਿੱਖਿਆ ਕਾਨੂੰਨ ਲਾਗੂ ਹੁੰਦਾ ਹੈ। ਵਿ-

AccoglienzaStranieri.it

ਦੇਸ਼ੀ ਨਾਬਾਲਗਾਂ ਨੂੰ ਹਰ ਚਾਲੂ ਸਾਲ ਵਿੱਚ ਕਿਸੇ ਵੀ ਸਮੇਂ ਸਕੂਲ ਵਿੱਚ ਦਾਖਲਾ ਲੈਣ ਦਾ ਅਧਿਕਾਰ ਹੈ।

ਪ੍ਰੰਤੂ ਇਟਲੀ ਵਿੱਚ ਇਲਲੀਗਲ ਤੌਰ 'ਤੇ ਰਹਿ ਰਹੇ ਨਾਬਾਲਗ ਦਾ ਸਕੂਲ ਵਿੱਚ ਦਾਖਲਾ ਉਸ ਲਈ ਜਾਂ ਉਸਦੇ ਮਾਂ-ਬਾਪ ਲਈ ਇਟਲੀ ਵਿੱਚ ਰਹਿਣ ਦੀ ਮਾਨਤਾ ਪ੍ਰਦਾਨ ਨਹੀਂ ਕਰਦਾ।

ਡਾਕੂਮੈਂਟਾਂ ਦੀ ਘਾਟ ਕਾਰਨ ਕਿਸੇ ਵੀ ਨਾਬਾਲਗ ਨੂੰ ਜ਼ਰੂਰੀ ਸਿੱਖਿਆ ਤੋਂ ਰੋਕਿਆ ਨਹੀਂ ਜਾ ਸਕਦਾ। ਬਲਕਿ, ਸਕੂਲ ਦੇ ਸਟਾਫ ਦਾ ਫਰਜ ਹੈ ਕਿ ਇਲਲੀਗਲ ਵਿਦੇਸ਼ੀ ਨਾਗਰਿਕ ਦੀ ਕਿਸੇ ਤਰਾਂ ਦੀ ਕੋਈ ਰਿਪੋਰਟ ਨਾ ਕੀਤੀ ਜਾਵੇ।

ਆਰਟੀਕਲ 45 ਦੇ ਡੀ ਪੀ ਆਰ ਨੰ: 394/1999 ਵਿੱਚ ਇਟਲੀ ਵਿੱਚ ਰਹਿਣ ਵਾਲੇ ਵਿਦੇਸ਼ੀ ਨਾਬਾਲਗਾਂ ਦੀ ਸਿੱਖਿਆ ਦੇ ਅਧਿਕਾਰਾਂ ਨੂੰ ਅੰਕਿਤ ਕੀਤਾ ਗਿਆ ਹੈ।

ਵਿਦੇਸ਼ੀ ਨਾਬਾਲਗ ਨਾਗਰਿਕ ਕਿਸੇ ਵੀ ਸਮੇਂ ਸਕੂਲ ਵਿੱਚ ਦਾਖਲਾ ਲੈ ਸਕਦਾ ਹੈ, ਭਾਵੇਂ ਕਿ ਕਲਾਸਾਂ ਪਹਿਲਾਂ ਤੋਂ ਹੀ ਸ਼ੁਰੂ ਹੋ ਚੁੱਕੀਆਂ ਹੋਣ।

ਜੇਕਰ ਵਿਦੇਸ਼ੀ ਨਾਬਾਲਗ ਕੋਲ ਡਾਕੂਮੈਂਟ ਨਹੀਂ ਹਨ ਤਾਂ ਵੀ ਉਹ ਆਪਣੇ ਵਿਅਕਤੀਗਤ ਵੇਰਵੇ ਦੇ ਕੇ ਸਕੂਲ ਵਿੱਚ ਦਾਖਲਾ ਲੈ ਸਕਦਾ ਹੈ, ਮਾਂ-ਬਾਪ ਵਿੱਚੋਂ ਕੋਈ ਇਕ ਜਾਂ ਬੱਚੇ ਨਾਲ ਸਬੰਧਿਤ ਕੋਈ ਹੋਰ ਜਿੰਮੇਵਾਰ ਵਿਅਕਤੀ ਨਾਬਾਲਗ ਦੇ ਵਿਅਕਤੀਗਤ ਵੇਰਵਿਆਂ ਦੀ ਜਿੰਮੇਵਾਰੀ ਲੈ ਸਕਦਾ ਹੈ।

ਇਸ ਕੇਸ ਵਿੱਚ ਸ਼ਰਤਾਂ 'ਤੇ ਕੀਤੇ ਜਾਣ ਵਾਲੇ ਦਾਖਲੇ ਵਿੱਚ ਪੜ੍ਹਾਈ ਖਤਮ ਹੋਣ 'ਤੇ ਦਿੱਤੇ ਜਾਣ ਵਾਲੇ ਸਰਟੀਫਿਕੇਟ 'ਤੇ ਕੋਈ ਅਸਰ ਨਹੀਂ ਹੁੰਦਾ।

ਜੇਕਰ ਡਾਕੂਮੈਂਟਾਂ ਦੀ ਘਾਟ ਕਾਰਨ ਬੱਚੇ ਦੀ ਸਹੀ ਜਾਣਕਾਰੀ ਨਹੀਂ ਪ੍ਰਾਪਤ ਹੋ ਰਹੀ ਤਾਂ ਫਿਰ ਵੀ ਬੱਚੇ ਦੇ ਸਿਰਫ ਨਾਮ 'ਤੇ ਦਾਖਲਾ ਕੀਤਾ ਜਾਂਦਾ ਹੈ।

### ਵਿਦਿਆਰਥੀਆਂ ਦਾ ਕਲਾਸ ਵਿੱਚ ਦਾਖਲਾ

ਅਧਿਆਪਕ ਦੁਆਰਾ ਬੱਚੇ ਦੀ ਪਹਿਚਾਣ ਬਨਾਉਣ ਲਈ ਕਈ ਮਾਨਦੰਡਾਂ ਦੀ ਵਰਤੋਂ ਕੀਤੀ ਜਾਂਦੀ ਹੈ, ਕਾਨੂੰਨ ਅਨੁਸਾਰ ਬੱਚੇ ਦੀ ਉਮਰ ਨੂੰ ਪਹਿਲ ਦਿੱਤੀ ਜਾਂਦੀ ਹੈ। ਅਧਿਆਪਕ ਸਟਾਫ ਇਸ ਲਈ ਹੇਠ ਲਿਖੀਆਂ ਜਰੂਰਤਾਂ ਦਾ ਸਹਾਰਾ ਵੀ ਲੈ ਸਕਦੇ ਹਨ ਜਿਵੇਂ ਕਿ:

- ਵਿਦਿਆਰਥੀ ਦੇ ਦੇਸ਼ ਦੀ ਸਿੱਖਿਆ ਪ੍ਰਣਾਲੀ ਅਨੁਸਾਰ ਸਿੱਖਿਆ ਦੇਣਾ
- ਵਿਦਿਆਰਥੀ ਦੀ ਪੜ੍ਹਾਈ ਦੇ ਮਿਆਰ, ਕਾਬਲੀਅਤ ਦਾ ਸਬੂਤ ਅਤੇ ਉਸਦਾ ਸੁਧਾਰ
- ਵਿਦਿਆਰਥੀ ਦੇ ਦੇਸ਼ ਦੇ ਸਿਲੇਬਸ ਦਾ ਸਹਾਰਾ ਲੈਣਾ
- ਵਿਦਿਆਰਥੀ ਦੇ ਪੜ੍ਹਾਈ ਦੇ ਚਾਲੂ ਸਾਲ ਵਿੱਚ ਪ੍ਰਾਪਤ ਦਰਜਾ, ਜਾਂ ਉਸਦੀ ਸਕੂਲ ਵਿੱਚ ਹਾਜ਼ਰੀ ਦਾ ਸਰਟੀਫਿਕੇਟ

ਉਪਰੋਕਤ ਸਾਰੇ ਦਸਤਾਵੇਜ ਇਟਾਲੀਅਨ ਭਾਸ਼ਾ ਵਿੱਚ ਅਨੁਵਾਦ ਕਰਵਾਉਣੇ ਜਰੂਰੀ ਹਨ, ਇਹ ਦਸਤਾਵੇਜ ਵਿਦਿਆਰਥੀ ਦੇ ਦੇਸ਼ ਦੀ ਅੰਬੈਸੀ ਜਾਂ ਕੌਂਸਲੇਟ ਤੋਂ ਤਸਦੀਕ ਕਰਵਾਉਣੇ ਵੀ ਜਰੂਰੀ ਹਨ।

### ਵੈਕਸੀਨੇਸ਼ਨ (ਟੀਕਾਕਰਣ)

ਵਿਦੇਸ਼ੀ ਨਾਬਾਲਗ ਬਗੈਰ ਟੀਕਾਕਰਣ ਕਾਰਡ ਦੇ ਵੀ ਸਕੂਲ ਵਿੱਚ ਦਾਖਲਾ ਲੈ ਸਕਦੇ ਹਨ।

ਵਿਦੇਸ਼ੀ ਨਾਬਾਲਗ ਦੇ ਆਪਣੇ ਦੇਸ਼ ਵਿੱਚ ਹੋਏ ਟੀਕਾਕਰਣ ਕਾਰਡ ਨੂੰ ਇਟਾਲੀਅਨ ਭਾਸ਼ਾ ਵਿੱਚ ਅਨੁਵਾਦ ਕਰਵਾਉਣਾ ਜਰੂਰੀ ਹੈ।

ਟੀਕਾਕਰਣ ਨਾਲ ਸਬੰਧਿਤ ਕਾਗਜ਼ਾਤ ਗੁਆਚ ਜਾਣ ਦੀ ਸੂਰਤ ਵਿੱਚ, ਬੱਚੇ ਦਾ ਸਕੂਲ ਵਿੱਚ ਦਾਖਲਾ ਹੋ ਜਾਂਦਾ ਹੈ ਪਰ ਇਸ ਸਬੰਧੀ ਸਥਾਨਕ ਸਿਹਤ ਕੇਂਦਰ (ਆਸਲ) ਨੂੰ ਜਾਣਕਾਰੀ ਦੇਣੀ ਜਰੂਰੀ ਹੈ।

### ਸੰਸਕ੍ਰਿਤੀ ਮਾਧਿਅਮ

ਨਾਬਾਲਗ ਵਿਦੇਸ਼ੀ ਲਈ ਸਿੱਖਿਆ ਨੂੰ ਦਿਲਚਸਪ ਬਨਾਉਣ, ਵੱਖ-ਵੱਖ ਸੰਸਕ੍ਰਿਤੀਆਂ ਦੀ ਆਪਸੀ ਏਕਤਾ ਲਈ, ਕਾਨੂੰਨ ਅਨੁਸਾਰ ਸਥਾਨਕ ਸਿੱਖਿਆ ਕੇਂਦਰਾਂ ਅਤੇ ਰਾਜਾਂ ਨੂੰ ਸਮੇਂ-ਸਮੇਂ 'ਤੇ ਇਟਾਲੀਅਨ ਸਮਾਜ ਬਾਰੇ ਜਾਣਕਾਰੀ ਦੇਣ ਵਾਲੇ, ਬੱਚੇ ਦੇ ਆਪਣੀ ਸੰਸਕ੍ਰਿਤੀ ਅਤੇ ਭਾਸ਼ਾ ਸਬੰਧੀ ਪ੍ਰੋਗਰਾਮ ਕਰਵਾਉਂਦੇ ਰਹਿਣਾ ਚਾਹੀਦਾ ਹੈ।

ਅਧਿਆਪਕ ਅਮਲੇ ਦੁਆਰਾ ਇਕ ਹੀ ਦੇਸ਼ ਅਤੇ ਸੰਸਕ੍ਰਿਤੀ ਤੇ ਭਾਸ਼ਾ ਨਾਲ ਸਬੰਧਿਤ ਵਿਦੇਸ਼ੀ ਵਿਦਿਆਰਥੀਆਂ ਦੇ ਗਰੁੱਪ ਬਣਾਏ ਜਾਂਦੇ ਹਨ ਤਾਂ ਕਿ ਬੱਚੇ ਦੀ ਪੜ੍ਹਾਈ ਸਬੰਧੀ ਦਿਲਚਸਪੀ ਬਣੀ ਰਹੇ ਅਤੇ ਉਸਨੂੰ ਕਿਸੇ ਗੱਲ ਨੂੰ ਸਮਝਣ ਵਿੱਚ ਕੋਈ ਮੁਸ਼ਕਿਲ ਪੈਦਾ ਨਾ ਹੋਵੇ, ਇਸ ਤੋਂ ਇਲਾਵਾ ਉਸ ਗਰੁੱਪ ਨੂੰ ਅਨੁਵਾਦਕ ਅਧਿਆਪਕ ਦੁਆਰਾ ਸਿੱਖਿਆ ਦਿੱਤੀ ਜਾਵੇਗੀ ਤਾਂ ਕਿ ਉਹ ਉਨ੍ਹਾਂ ਨੂੰ ਇਟਾਲੀਅਨ ਸਮਾਜ ਬਾਰੇ ਸਹੀ ਜਾਣਕਾਰੀ ਦੇ ਸਕੇ ਅਤੇ ਵਿਦਿਆਰਥੀਆਂ ਦੀ ਆਪਣੀ ਸੰਸਕ੍ਰਿਤੀ ਅਤੇ ਭਾਸ਼ਾ ਨੂੰ ਸਹੀ ਤਰਾਂ ਸਮਝ ਕੇ ਪੜ੍ਹਾ ਸਕੇ।

## ਬਾਲਗਾਂ ਲਈ ਸਿੱਖਿਆ ਦੇ ਅਧਿਕਾਰ

ਵਿਦੇਸ਼ੀ ਬਾਲਗਾਂ ਦੀ ਸਿੱਖਿਆ ਦੇ ਅਧਿਕਾਰ ਵੀ ਨਿਸ਼ਚਤ ਕੀਤੇ ਗਏ ਹਨ

ਇਟਲੀ ਵਿੱਚ ਕਾਨੂੰਨੀ ਤੌਰ 'ਤੇ ਰਹਿਣ ਵਾਲਿ ਵਿਦੇਸ਼ੀ ਬਾਲਗਾਂ ਲਈ 286/'98 ਕਾਨੂੰਨ ਅਨੁਸਾਰ ਸਿੱਖਿਆ ਕੇਂਦਰਾਂ, ਰਾਜ (ਸਟੇਟ), ਸਥਾਨਕ ਸਿੱਖਿਆ ਕੇਂਦਰਾਂ ਅਤੇ ਰਾਜਾਂ ਦੁਆਰਾ ਵੱਖ-ਵੱਖ ਸੰਸਕ੍ਰਿਤੀਆਂ ਨਾਲ ਸਬੰਧਿਤ

AccoglienzaStranieri.it

ਕਈ ਤਰਾਂ ਦੇ ਪ੍ਰੋਗਰਾਮਾਂ ਅਤੇ ਸੰਮੇਲਨਾਂ ਨੂੰ ਨਿਸ਼ਚਤ ਕੀਤਾ ਗਿਆ ਹੈ।

ਇਟਲੀ ਵਿੱਚ ਰਹਿਣ ਵਾਲੇ ਵਿਦੇਸ਼ੀਆਂ ਨੂੰ ਜਾਨਣ-ਸਮਝਣ ਲਈ ਇਸ ਤਰਾਂ ਦੇ ਸੰਸਕ੍ਰਿਤਕ ਪ੍ਰੋਗਰਾਮ ਕਰਵਾਉਣੇ ਬਹੁਤ ਜ਼ਰੂਰੀ ਹਨ।

ਵਿਦੇਸ਼ੀਆਂ ਲਈ ਇਟਾਲੀਅਨ ਭਾਸ਼ਾ ਨੂੰ ਜਾਨਣਾ ਪਹਿਲ ਦੇ ਅਧਾਰ 'ਤੇ ਜ਼ਰੂਰੀ ਹੈ।

ਇਸ ਲਈ ਇਟਾਲੀਅਨ ਭਾਸ਼ਾ ਦਾ ਗਿਆਨ ਦੇਣ ਲਈ ਬਹੁਤ ਸਾਰੇ ਸਿੱਖਿਆ (ਸ਼ੁਰੂਆਤੀ, ਮੱਧਮ ਅਤੇ ਵਿਕਸਤ) ਕੇਂਦਰ ਹਨ। ਵਿਦੇਸ਼ੀਆਂ ਨੂੰ ਇਟਾਲੀਅਨ ਭਾਸ਼ਾ ਦੀ ਜਾਣਕਾਰੀ ਲਈ ਇਸ ਤਰਾਂ ਦੇ ਰੈਗੁਲਰ ਜਾਂ ਪੱਤਰ ਵਿਹਾਰ ਕੋਰਸ ਜ਼ਰੂਰ ਕਰਨੇ ਚਾਹੀਦੇ ਹਨ।

ਟੈਸਟ ਪਾਸ ਕਰਨ ਤੋਂ ਬਾਅਦ ਉਨ੍ਹਾਂ ਨੂੰ ਸਰਟੀਫਿਕੇਟ ਦਿੱਤਾ ਜਾਂਦਾ ਹੈ।

ਜੋ ਵਿਦੇਸ਼ੀ ਨਾਗਰਿਕ ਹੇਠਲੇ ਸੈਕੰਡਰੀ ਸਕੂਲ ਵਿੱਚ ਦਾਖਲਾ ਲੈਣਾ ਚਾਹੁੰਦੇ ਹਨ, ਉਹ ਆਪਣੇ ਅਤੇ ਕੰਮ ਦੇ ਵੇਰਵੇ ਦੇ ਕੇ ਆਪਣੀ ਮਰਜੀ ਦੇ ਕੇਂਦਰ ਵਿੱਚ ਦਾਖਲਾ ਲੈ ਸਕਦੇ ਹਨ। ਨਿਵਾਸ ਆਗਿਆ ਦੀ ਤਰਾਂ ਹੀ ਇਟਾਲੀਅਨ ਭਾਸ਼ਾ ਦਾ ਗਿਆਨ ਹੋਣਾ ਵੀ ਬਹੁਤ ਜ਼ਰੂਰੀ ਹੈ।

ਜੋ ਵਿਦੇਸ਼ੀ ਪਹਿਲਾਂ ਹੀ ਬੁਨਿਆਦੀ ਸਿੱਖਿਆ ਪ੍ਰਾਪਤ ਕਰ ਚੁੱਕੇ ਹਨ, ਉਹ ਸਿੱਧਾ ਹਾਇਰ ਸੈਕੰਡਰੀ ਸਿੱਖਿਆ ਪ੍ਰਾਪਤ ਕਰਨ ਲਈ ਦਾਖਲਾ ਲੈ ਸਕਦੇ ਹਨ।

ਸਭ ਤੋਂ ਵੱਧ ਮੁਸ਼ਕਿਲ ਉਨ੍ਹਾਂ ਵਿਦੇਸ਼ੀ ਨਾਗਰਿਕਾਂ ਨੂੰ ਆਉਂਦੀ ਹੈ ਜੋ ਆਪਣੇ ਦੇਸ਼ ਵਿੱਚ ਪੜ੍ਹਾਈ ਅੱਧ ਵਿੱਚ ਛੱਡ ਕੇ ਇਟਲੀ ਵਿੱਚ ਦਾਖਲ ਹੋ ਜਾਂਦੇ ਹਨ। ਇਸ ਕਾਰਨ ਕਈ ਕੇਂਦਰਾਂ ਵਿੱਚ ਵਿਦੇਸ਼ੀ ਦੀ ਆਪਣੇ ਦੇਸ਼ ਵਿੱਚ ਛੱਡੀ ਹੋਈ ਪੜ੍ਹਾਈ ਨੂੰ ਪੂਰਾ ਕਰਨ ਦਾ ਇੰਤਜਾਮ ਕੀਤਾ ਗਿਆ ਹੈ।

ਅਕਸਰ, ਬਾਲਗਾਂ ਦੀ ਸਥਾਈ ਸਿੱਖਿਆ ਸਬੰਧੀ ਯੋਜਨਾਵਾਂ 'ਚੇਂਤਰੀ ਤੇਰੀਤੋਰੀਅਲੀ ਪੇਰਮਾਨੇਂਤੀ ਪੇਰ ਲ'ਏਦੂਕਾਤਸੀਓਨੇ ਦੇਲੀ ਅਦੂਲਤੀ (ਚੀਤੀਪੀ)' ਦੁਆਰਾ ਨਿਰਧਾਰਤ ਕੀਤੀਆਂ ਜਾਂਦੀਆਂ ਹਨ। ਇਸ ਸੈਂਟਰ ਦਾ ਕੰਮ ਸਿੱਖਿਆ ਸਬੰਧੀ ਬਾਲਗਾਂ ਦੇ ਫਾਰਮਾਂ ਨੂੰ ਜਮਾਂ ਕਰਨਾ ਅਤੇ ਉਨ੍ਹਾਂ ਨੂੰ ਅਮਲ ਵਿੱਚ ਲਿਆਉਣਾ ਹੈ।

## ਯੂਨੀਵਰਸਿਟੀ

### ਇਟਲੀ ਵਿੱਚ ਵਿਦੇਸ਼ੀ ਯੂਨੀਵਰਸਿਟੀ ਵਿਦਿਆਰਥੀ

ਇਮੀਗ੍ਰੇਸ਼ਨ ਕਾਨੂੰਨ ਦੇ ਆਰਟੀਕਲ 39 ਅਨੁਸਾਰ ਇਟਲੀ ਵਿੱਚ ਕਾਨੂੰਨੀ ਤੌਰ 'ਤੇ ਰਹਿਣ ਵਾਲੇ ਵਿਦੇਸ਼ੀ ਨਾਗਰਿਕਾਂ ਨੂੰ ਯੂਨੀਵਰਸਿਟੀ ਵਿੱਚ ਸਿੱਖਿਆ ਪ੍ਰਾਪਤ ਕਰਨ ਦਾ ਅਧਿਕਾਰ ਇਟਾਲੀਅਨ ਨਾਗਰਿਕਾਂ ਦੀ ਤਰਾਂ ਹੀ ਹੈ। ਇਸ ਲਈ ਉਨ੍ਹਾਂ ਨੂੰ ਇਟਲੀ ਵਿੱਚ 12 ਸਾਲ ਦੀ ਸਿੱਖਿਆ ਪ੍ਰਾਪਤ ਕੀਤੀ ਹੋਣੀ ਜ਼ਰੂਰੀ ਹੈ।

ਮਨਿਸਟਰੀ ਆੱਫ ਹੋਮ ਅਫੇਰਜ਼ ਦੀ ਵੈੱਬਸਾਈਟ (ੌ। ਇਸਟਣਰ।ਟਿ) ਦੁਆਰਾ ਘੋਸ਼ਿਤ ਡਾਕੂਮੈਂਟ ਨਾਲ ਲਗਾ ਕੇ ਦਾਖਲੇ ਲਈ ਦਰਖਾਸਤ ਦਿੱਤੀ ਜਾ ਸਕਦੀ ਹੈ।

ਬੋਸੀ-ਫਿਨੀ ਦਾ ਇਮੀਗ੍ਰੇਸ਼ਨ ਸਬੰਧੀ ਕਾਨੂੰਨ ਵੀ ਵਿਦੇਸ਼ੀਆਂ ਨੂੰ ਇਟਾਲੀਅਨ ਨਾਗਰਿਕਾਂ ਵਾਂਗ ਹੀ ਯੂਨੀਵਰਸਿਟੀ ਵਿੱਚ ਸਿੱਖਿਆ ਪ੍ਰਾਪਤ ਕਰਨ ਦਾ ਅਧਿਕਾਰ ਦਿੰਦਾ ਹੈ ਪਰ ਇਸ ਲਈ ਸ਼ਰਤਾਂ ਬਹੁਤ ਸਖਤ ਹਨ ਜਿਵੇਂ ਕਿ: ਸਿੱਖਿਆ ਲਈ ਵੀਜ਼ਾ-ਨਿਵਾਸ ਆਗਿਆ ਪ੍ਰਾਪਤ ਕਰਨ ਲਈ ਪਹਿਲਾਂ ਤੋਂ ਹੀ ਤਿਆਰੀ ਕਰਨੀ ਪੈਂਦੀ ਹੈ, ਨਿਵਾਸ ਆਗਿਆ ਨੂੰ ਬਾਰ-ਬਾਰ ਰੀਨਿਊ ਕਰਵਾਉਣਾ ਪੈਂਦਾ ਹੈ, ਆਪਣੇ ਦੇਸ਼ ਵਿੱਚ ਮਾਂ-ਬਾਪ ਦੀ ਜਾਇਦਾਦ ਦੇ ਕਈ ਤਰਾਂ ਦੇ ਵੇਰਵੇ ਦੇਣੇ ਪੈਂਦੇ ਹਨ। ਇਸ ਤੋਂ ਇਲਾਵਾ ਇਥੇ ਪੜ੍ਹਨ ਲਈ ਆਉਣ ਵਾਲੇ ਵਿਦਿਆਰਥੀਆਂ ਨੂੰ ਮੈਡੀਕਲ ਸਹਾਇਤਾ ਸਬੰਧੀ ਵੀ ਕਈ ਤਰਾਂ ਦੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

### ਸਿੱਖਿਆ ਲਈ ਵੀਜ਼ੇ ਸਬੰਧੀ ਪ੍ਰਬੰਧ

ਜਿਹੜੇ ਵਿਦਿਆਰਥੀ ਇਟਲੀ ਵਿਖੇ ਪੜ੍ਹਨ ਲਈ ਆਉਣਾ ਚਾਹੁੰਦੇ ਹਨ, ਉਨ੍ਹਾਂ ਨੂੰ ਕੀ ਕਰਨਾ ਚਾਹੀਦਾ ਹੈ।

**ਸਭ ਤੋਂ ਪਹਿਲਾਂ ਉਨ੍ਹਾਂ ਨੂੰ ਆਪਣੇ ਦੇਸ਼ ਦੀ ਅੰਬੈਸੀ/ਕੌਂਸਲੇਟ ਵਿੱਚ ਸਿੱਖਿਆ ਸਬੰਧੀ ਵੀਜ਼ੇ ਲਈ ਦਰਖਾਸਤ ਦੇਣੀ ਚਾਹੀਦੀ ਹੈ।**

ਵੱਖ-ਵੱਖ ਯੂਨੀਵਰਸਿਟੀ ਵਿੱਚ ਪ੍ਰਾਪਤ ਸੀਟਾਂ ਦੇ ਅਧਾਰ 'ਤੇ ਹੀ ਵੀਜ਼ਾ ਦਿੱਤਾ ਜਾਂਦਾ ਹੈ। ਹਰ ਚਾਲੂ ਸਾਲ ਦੇ 31 ਦਸੰਬਰ ਨੂੰ ਵੱਖ-ਵੱਖ ਯੂਨੀਵਰਸਿਟੀਆਂ ਮਨਸਿਟਰੀ ਆੱਫ ਫੌਰਨ ਅਫੇਅਰਜ਼ ਨੂੰ ਵਿਦੇਸ਼ੀਆਂ ਲਈ ਨਿਰਧਾਰਤ ਸੀਟਾਂ ਦੀ ਜਾਣਕਾਰੀ ਦਿੰਦੀਆਂ ਹਨ। ਯੂਨੀਵਰਸਿਟੀਆਂ ਦੁਆਰਾ ਦਿੱਤੀ ਜਾਣਕਾਰੀ ਦੇ ਅਧਾਰ 'ਤੇ ਮਨਸਿਟਰੀ ਆੱਫ ਫੌਰਨ ਅਫੇਅਰਜ਼ ਮਾਰਚ ਅਤੇ ਅਪ੍ਰੈਲ ਵਿੱਚ ਚਾਹਵਾਨ ਵਿਦਿਆਰਥੀਆਂ ਨੂੰ ਵੀਜ਼ੇ ਪ੍ਰਦਾਨ ਕਰਦੀ ਹੈ। ਜੋ ਵਿਦੇਸ਼ੀ ਨਾਗਰਿਕ ਇਟਲੀ ਵਿਖੇ ਆ ਕੇ ਯੂਨੀਵਰਸਿਟੀ ਵਿੱਚ ਸਿੱਖਿਆ ਪ੍ਰਾਪਤ ਕਰਨਾ ਚਾਹੁੰਦੇ ਹਨ, ਉਨ੍ਹਾਂ ਨੂੰ ਪ੍ਰੀ-ਐਡਮੀਸ਼ਨ ਲਈ ਆਪਣੇ ਦੇਸ਼ ਵਿੱਚ ਸਥਿਤ ਇਟਾਲੀਅਨ ਅੰਬੈਸੀ/ਕੌਂਸਲੇਟ ਨੂੰ ਦਰਖਾਸਤ ਦੇ ਦੇਣੀ ਚਾਹੀਦੀ ਹੈ।

ਪ੍ਰੀ-ਐਡਮੀਸ਼ਨ ਦੀ ਦਰਖਾਸਤ ਦੇਣ ਤੋਂ ਬਾਅਦ (ਅੰਬੈਸੀ/ਕੌਂਸਲੇਟ ਦਰਖਾਸਤ ਯੂਨੀਵਰਸਿਟੀ ਨੂੰ ਭੇਜ ਦਿੰਦੀ ਹੈ), ਫਿਰ ਵਿਦਿਆਰਥੀ ਵੀਜ਼ੇ ਲਈ ਅਪਲਾਈ ਕਰ ਸਕਦਾ ਹੈ।

ਇਟਲੀ ਵਿਖੇ ਸਿੱਖਿਆ ਪ੍ਰਾਪਤ ਕਰਨ ਲਈ ਵਿਦਿਆਰਥੀ ਨੂੰ ਦਰਖਾਸਤ ਦੇ ਨਾਲ ਪਾਸਪੋਰਟ ਸਾਈਜ਼ ਫੋਟੋਆਂ, ਪ੍ਰਮਾਣਿਤ ਪਾਸਪੋਰਟ ਜਾਂ ਟਰੈਵਲਿੰਗ ਡਾਕੂਮੈਂਟ, ਅਰਥਿਕ ਸਥਿਤੀ ਸਬੰਧੀ ਪ੍ਰਮਾਣ, ਇਟਲੀ ਵਿੱਚ ਰਹਿਣ ਦਾ ਸਥਾਨ ਅਤੇ ਵਾਪਸ ਆਪਣੇ ਦੇਸ਼ ਮੁੜਨ ਸਬੰਧੀ

AccoglienzaStranieri.it

ਅਰਥਿਕ ਸਥਿਤੀ ਦੇ ਪ੍ਰਮਾਣ, ਜੋ ਕਿ ਵਾਪਸ ਜਾਣ ਦੀ ਟਿਕਟ ਨਾਲ ਵੀ ਪ੍ਰਮਾਣਿਤ ਕੀਤੇ ਜਾ ਸਕਦੇ ਹਨ। ਵਿਦਆਰਥੀ ਨੂੰ ਮੈਡੀਕਲ ਅਤੇ ਹਸਪਤਾਲ ਸਬੰਧੀ ਸਹਾਇਤਾ ਲਈ ਮੈਡੀਕਲ ਇੰਸ਼ੋਰੈਂਸ ਸਰਟੀਫਿਕੇਟ ਵੀ ਦਿਖਾਉਣਾ ਪਵੇਗਾ। ਜੇਕਰ ਵਿਦਿਆਰਥੀ ਦੇ ਦੇਸ਼ ਅਤੇ ਇਟਲੀ ਵਿੱਚ ਕੋਈ ਮੈਡੀਕਲ ਸਹਾਇਤਾ ਸਬੰਧੀ ਕੋਈ ਸਮਝੌਤਾ ਨਹੀਂ ਹੋਇਆ ਹੈ ਤਾਂ ਵਿਦਿਆਰਥੀ ਮੈਡੀਕਲ ਪ੍ਰੀਮੀਅਮ ਸਰਟੀਫਿਕੇਟ ਦਿਖਾ ਸਕਦਾ ਹੈ।

**ਅਰਥਿਕ ਸਥਿਤੀ ਸਬੰਧੀ ਪ੍ਰਮਾਣ:**

ਇਟਲੀ ਵਿਖੇ ਸਿੱਖਿਆ ਪ੍ਰਾਪਤ ਕਰਨ ਲਈ ਕੇਵਲ ਉਨ੍ਹਾਂ ਵਿਦਿਆਰਥੀਆਂ ਨੂੰ ਚੁਣਿਆ ਜਾਵੇਗਾ, ਜੋ ਆਪਣੇ ਸਿੱਖਿਆ ਸਮੇਂ ਦੌਰਾਨ ਰਿਹਾਇਸ਼, ਖਾਣ-ਪੀਣ ਅਤੇ ਹੋਰ ਖਰਚੇ ਪੂਰੇ ਕਰਨ ਅਤੇ ਵਾਪਸ ਆਪਣੇ ਦੇਸ਼ ਪਰਤਣ ਦਾ ਸਹੀ ਸਬੂਤ ਪੇਸ਼ ਕਰਨਗੇ।

ਉਨ੍ਹਾਂ ਨੂੰ ਆਪਣੀ ਨਿਵਾਸ ਆਗਿਆ ਦੌਰਾਨ ਹਰ ਮਹੀਨੇ ਦੇ ਖਰਚੇ ਲਈ 350 ਯੂਰੋ ਤੋਂ ਵੱਧ ਦੀ ਰਕਮ ਦਿਖਾਉਣੀ ਪਵੇਗੀ। ਇੱਕ ਸਾਲ ਦੇ ਵੀਜ਼ੇ ਲਈ ਵਿਦਿਆਰਥੀ ਨੂੰ ਤਕਰੀਬਨ 4500 ਯੂਰੋ ਦੀ ਰਕਮ ਦਿਖਾਉਣੀ ਪਵੇਗੀ।

ਉਹ ਵਿਦਿਅਰਥੀ ਜਿਹੜੇ ਇਹ ਰਕਮ ਨਹੀਂ ਦਿਖਾ ਸਕਦੇ, ਉਹ ਪ੍ਰਧਾਨ ਮੰਤਰੀ ਦੇ ਦਫਤਰ ਵਿਚ ਰਜ਼ਿਸਟਰਡ ਇਟਾਲੀਅਨ ਕੇਂਦਰਾਂ ਵਿੱਚੋਂ ਫਾਇਨੈਂਸ਼ੀਅਲ ਗਾਰੰਟੀ ਦੇ ਸਕਦੇ ਹਨ ਪ੍ਰੰਤੂ ਆਮ ਤੌਰ 'ਤੇ ਇਹ ਸੰਭਵ ਹੋਣ ਦੀ ਆਸ ਘੱਟ ਹੈ।

ਅਕਸਰ ਹਰ ਚਾਲੂ ਸਾਲ ਦੇ ਪੜ੍ਹਾਈ ਦੇ ਸਾਲ ਦੌਰਾਨ ਅਗਸਤ ਵਿਚ ਵੀਜ਼ਾ ਦਿੱਤਾ ਜਾਂਦਾ ਹੈ। ਵਿਦਿਆਰਥੀ ਨੂੰ ਸਤੰਬਰ ਦੇ ਸ਼ੁਰੂ ਵਿਚ ਯੂਨੀਵਰਸਿਟੀ ਵਿਚ ਦਾਖਲੇ ਲਈ ਪਹੁੰਚ ਜਾਣਾ ਚਾਹੀਦਾ ਹੈ।

ਇਟਲੀ ਵਿਖੇ ਪਹੁੰਚਣ ਤੋਂ ਬਾਅਦ ਵਿਦਿਆਰਥੀ ਨੂੰ ਅੱਠ ਦਿਨ ਦੇ ਵਿੱਚ ਨਿਵਾਸ ਆਗਿਆ ਲਈ ਅਪਲਾਈ ਕਰ ਦੇਣਾ ਚਾਹੀਦਾ ਹੈ, ਜੋ ਕਿ ਸਿਰਫ ਪੜ੍ਹਨ ਲਈ ਹੀ ਪ੍ਰਮਾਣਿਤ ਹੋਵੇਗੀ। ਜਿਆਦਾਤਰ ਇਹ ਨਿਵਾਸ ਆਗਿਆ ਦਸੰਬਰ ਦੇ ਅੰਤ ਤੱਕ ਪ੍ਰਮਾਣਿਤ ਹੁੰਦੀ ਹੈ।

**ਦਾਖਲੇ ਤੋਂ ਬਾਅਦ ਹਰ ਵਿਦੇਸ਼ੀ ਵਿਦਿਆਰਥੀ ਨੂੰ ਇਟਾਲੀਅਨ ਭਾਸ਼ਾ ਦਾ ਇਮਤਿਹਾਨ ਪਾਸ ਕਰਨਾ ਪੈਂਦਾ ਹੈ**, ਜੋ ਕਿ ਹਰ ਯੂਨੀਵਰਸਿਟੀ ਦੁਆਰਾ ਸਤੰਬਰ ਦੇ ਸ਼ੁਰੂ ਵਿਚ ਲਿਆ ਜਾਂਦਾ ਹੈ। ਇਸ ਤੋਂ ਬਾਅਦ ਵਿਦਿਆਰਥੀ ਦੀ ਯੋਗਤਾ ਦਾ ਟੈਸਟ ਲਿਆ ਜਾਂਦਾ ਹੈ (ਉਦਾਹਰਣ ਦੇ ਤੌਰ 'ਤੇ ਮੈਡੀਸਨ ਯੋਗਤਾ), ਵਿਦਿਅਰਥੀ ਨੂੰ ਯੋਗਤਾ ਦਾ ਇਮਤਿਹਾਨ ਵੀ ਪਾਸ ਕਰਨਾ ਪੈਂਦਾ ਹੈ।

ਇਟਾਲੀਅਨ ਭਾਸ਼ਾ ਅਤੇ ਦਾਖਲਾ ਪ੍ਰੀਖਿਆ ਪਾਸ ਕਰਨ 'ਤੇ ਦਾਖਲੇ ਸਬੰਧੀ ਸ਼ਰਤਾਂ ਪੂਰੀਆਂ ਹੋ ਜਾਂਦੀਆਂ ਹਨ ਅਤੇ ਜਿਸ ਉਪਰੰਤ ਵਿਦਿਆਰਥੀ ਨੂੰ ਘੱਟ ਤੋਂ ਘੱਟ ਪੜ੍ਹਾਈ ਲਈ ਇੱਕ ਸਾਲ ਦੀ ਨਿਵਾਸ ਆਗਿਆ ਪ੍ਰਦਾਨ ਕੀਤੀ ਜਾਂਦੀ ਹੈ।

ਜੇਕਰ ਵਿਦਿਆਰਥੀ ਪੜ੍ਹਾਈ ਸਬੰਧੀ ਸਾਰੀਆਂ ਸ਼ਰਤਾਂ ਪੂਰੀਆਂ ਕਰਦਾ ਰਹਿੰਦਾ ਹੈ ਤਾਂ ਉਸਦੀ ਨਿਵਾਸ ਆਗਿਆ ਰੀਨਿਊ ਹੁੰਦੀ ਰਹਿੰਦੀ ਹੈ।

ਕਾਨੂੰਨ ਅਨੁਸਾਰ, ਜੇਕਰ ਵਿਦਿਆਰਥੀ ਪਹਿਲੇ ਸਾਲ ਵਿੱਚ ਇੱਕ ਅਤੇ ਆਉਣ ਵਾਲੇ ਸਾਲਾਂ ਵਿਚ ਦੋ ਇਮਤਿਹਾਨ ਪਾਸ ਕਰਦਾ ਹੈ ਤਾਂ ਨਿਵਾਸ ਆਗਿਆ ਰੀਨਿਊ ਕੀਤੀ ਜਾਂਦੀ ਹੈ। ਜੇਕਰ ਵਿਦਿਆਰਥੀ ਤਿੰਨ ਮੌਕਿਆਂ ਵਿੱਚ ਇੱਕ ਕੋਰਸ ਨੂੰ ਪਾਸ ਨਹੀਂ ਕਰਦਾ ਜਾਂ ਤਿੰਨ ਸਾਲ ਤੋਂ ਵੱਧ ਦਾ ਸਮਾਂ ਇੱਕ ਕੋਰਸ ਨੂੰ ਪਾਸ ਕਰਨ ਲਈ ਲਗਾਉਂਦਾ ਹੈ ਤਾਂ ਪੜ੍ਹਾਈ ਲਈ ਮਿਲੀ ਉਸਦੀ ਨਿਵਾਸ ਆਗਿਆ ਨੂੰ ਰੀਨਿਊ ਨਹੀਂ ਕੀਤਾ ਜਾਂਦਾ।

**ਵਿਦਿਆਰਥੀ ਲਈ ਕੁਝ ਖਾਸ ਹਦਾਇਤਾਂ**: ਇਟਲੀ ਵਿਖੇ ਆਪਣੀ ਗ੍ਰੇਜੁਏਸ਼ਨ ਦੀ ਸਿੱਖਿਆ ਪਾਸ ਕਰਨ ਵਾਲਾ ਵਿਦਿਆਰਥੀ ਆਪਣੀ ਪੜ੍ਹਾਈ ਲਈ ਮਿਲੀ ਨਿਵਾਸ ਆਗਿਆ ਨੂੰ ਕੰਮ ਦੀ ਨਿਵਾਸ ਆਗਿਆ ਵਿਚ ਤਬਦੀਲ ਕਰਵਾ ਸਕਦਾ ਹੈ (ਜੇਕਰ ਉਹ ਸਭ ਸ਼ਰਤਾਂ ਪੂਰੀਆਂ ਕਰਦਾ ਹੋਵੇ) ਤਾਂ ਵਿਦਿਆਰਥੀ ਕੋਟਾ ਖੁੱਲਣ ਤੋਂ ਪਹਿਲਾਂ ਜਾਂ ਕੋਟਾ ਬੰਦ ਹੋ ਜਾਣ 'ਤੇ ਵੀ ਇਸ ਸਬੰਧੀ ਅਪਲਾਈ ਕਰ ਸਕਦਾ ਹੈ। ਅਗਲੇ ਸਾਲ ਨਿਕਲਣ ਵਾਲੇ ਕੋਟਿਆਂ ਵਿੱਚੋਂ ਇਸ ਤਰਾਂ ਦੇ ਪ੍ਰਦਾਨ ਕੀਤੇ ਕੋਟਿਆਂ ਦੀ ਕਟੌਤੀ ਕਰ ਲਈ ਜਾਵੇਗੀ।

**ਤਜੁਰਬੇਕਾਰਾਂ ਲਈ ਦਾਖਲੇ**

ਇਟਾਲੀਅਨ ਯੂਨੀਵਰਸਿਟੀ ਤੋਂ ਗ੍ਰੇਜੁਏਸ਼ਨ ਕਰਨ ਵਾਲੇ ਵਿਦੇਸ਼ੀ ਨਾਗਰਿਕ ਜੋ ਕਿ ਵਿਦੇਸ਼ ਵਿਚ ਰਹਿ ਰਹੇ ਹੋਣ ਅਤੇ ਜੋ ਪੜ੍ਹਾਈ ਪੂਰੀ ਹੋਣ ਉਪਰੰਤ ਆਪਣੇ ਦੇਸ਼ ਪਰਤ ਗਏ ਹੋਣ ਉਹ ਤਜੁਰਬਾ ਹਾਸਿਲ ਕਰਨ ਜਾਂ ਉੱਚ ਸਿੱਖਿਆ ਦੀ ਦਾਖਲਾ ਪ੍ਰੀਖਿਆ ਵਿਚ ਬੈਠਣ ਲਈ ਇਟਾਲੀਅਨ ਵੀਜ਼ਾ ਜਾਂ ਅਸਥਾਈ ਨਿਵਾਸ ਆਗਿਆ ਲਈ ਦਰਖਾਸਤ ਦੇ ਸਕਦੇ ਹਨ। ਜੋ ਵਿਦਿਆਰਥੀ ਪ੍ਰੀਖਿਆ ਪਾਸ ਕਰਕੇ ਸਾਰੀਆਂ ਸ਼ਰਤਾਂ ਪੂਰੀਆਂ ਕਰਦੇ ਹੋਣ ਉਨ੍ਹਾਂ ਨੂੰ ਪਹਿਲ ਦੇ ਅਧਾਰ 'ਤੇ ਕੋਰਸ ਵਿਚ ਦਾਖਲਾ ਦਿੱਤਾ ਜਾਂਦਾ ਹੈ।

**ਕੋਰਸ ਵਿੱਚ ਦਾਖਲਾ ਵਿਦੇਸ਼ੀਆਂ ਲਈ ਰਾਖਵੀਆਂ ਸੀਟਾਂ ਅਤੇ ਇਟਲੀ ਪੰਜ ਸਾਲ ਤੋਂ ਰਹਿ ਰਹੇ ਹੋਰ ਵਿਦੇਸ਼ੀ ਜੋ ਪ੍ਰੀਖਿਆ ਵਿੱਚ ਬੈਠੇ ਹਨ 'ਤੇ ਨਿਰਭਰ ਕਰਦਾ ਹੈ।**

**ਵਜ਼ੀਫੇ ਅਤੇ ਭੱਤੇ**

ਇਮੀਗ੍ਰੇਸ਼ਨ ਕਾਨੂੰਨ ਅਨੁਸਾਰ, ਪੜ੍ਹਾਈ ਦੌਰਾਨ ਮਿਲਣ ਵਾਲੇ ਵਜੀਫੇ ਜਾਂ ਭੱਤਿਆਂ 'ਤੇ ਵਿਦੇਸ਼ੀ ਵਿਦਿਆਰਥੀਆਂ ਦਾ ਵੀ ਇਟਾਲੀਅਨ ਨਾਗਰਿਕਾਂ ਦੀ ਤਰਾਂ ਹੀ ਅਧਿਕਾਰ ਹੈ। ਜਿਵੇਂ ਕਿ: ਦਿੱਤੇ ਜਾਣ ਵਾਲੇ ਵਜੀਫੇ, ਰਿਹਾਇਸ਼, ਕਿਰਾਏ ਲਈ ਦਿੱਤੀ ਜਾਣ ਵਾਲੀ ਰਾਸ਼ੀ, ਖਾਣ ਜਾਂ ਹੋਰ ਭੱਤੇ ਆਦਿ।

## ਸਿੱਖਿਆ ਯੋਗਤਾ 'ਤੇ ਮਾਨਤਾ

ਦੂਜੇ ਦੇਸ਼ਾਂ ਵਿੱਚੋਂ ਪ੍ਰਾਪਤ ਕੀਤੀ ਹੋਈ ਸਿੱਖਿਆ ਨੂੰ ਇਟਲੀ ਵਿੱਚ ਕੋਈ ਮਾਨਤਾ ਪ੍ਰਾਪਤ ਨਹੀਂ ਹੈ, ਚਾਹੇ ਉਹ ਯੂਰਪੀਅਨ ਯੂਨੀਅਨ ਦੇ ਮੈਂਬਰ ਦੇਸ਼ ਜਾਂ ਕੋਈ ਹੋਰ ਦੇਸ਼ ਹੋਣ। ਜੇਕਰ ਵਿਦੇਸ਼ੀ ਨਾਗਰਿਕ ਇਟਲੀ ਵਿੱਚ ਉਸੇ ਸਿੱਖਿਆ ਨਾਲ ਸਬੰਧਿਤ ਪ੍ਰੈਕਟਿਸ ਕਰਨਾ ਚਾਹੁੰਦਾ ਹੋਵੇ ਤਾਂ ਉਸਨੂੰ ਇਸ ਲਈ ਇਟਲੀ ਵਿੱਚੋਂ ਮਾਨਤਾ ਪ੍ਰਾਪਤ ਕਰਨੀ ਪਵੇਗੀ।

ਰਿਗੋਲਾਮੈਂਤੋ ਦੀ ਆਤੂਤਸੀਓਨੇ 394/99 ਵਿੱਚ ਇਸ ਸਬੰਧੀ ਕਾਨੂੰਨਾਂ ਨੂੰ ਦਰਸਾਇਆ ਗਿਆ ਹੈ। **ਇਹ ਕਾਨੂੰਨ ਨਾਗਰਿਕ ਦੁਆਰਾ ਪ੍ਰਾਪਤ ਉੱਚ ਸਿੱਖਿਆ ਜਾਂ ਪੇਸ਼ੇ ਸਬੰਧੀ ਸਿੱਖਿਆ ਜਾਂ ਪ੍ਰੈਕਟਿਸ ਕਰਨ ਨੂੰ ਇਟਲੀ ਵਿੱਚ ਮਾਨਤਾ ਪ੍ਰਾਪਤ ਕਰਕੇ ਚਾਲੂ ਰੱਖਣ ਦੇ ਨਿਯਮਾਂ ਨੂੰ ਦਰਸਾਉਂਦਾ ਹੈ।**

### ਪ੍ਰਾਪਤ ਸਿੱਖਿਆ ਨੂੰ ਚਾਲੂ ਰੱਖਣ ਸਬੰਧੀ ਮਾਨਤਾ (ਅਕੈਡਮਿਕ ਸਿੱਖਿਆ)

ਪ੍ਰਾਪਤ ਸਿੱਖਿਆ ਨੂੰ ਇਟਲੀ ਵਿਖੇ ਚਾਲੂ ਰੱਖਣ ਲਈ ਯੂਨੀਵਰਸਿਟੀਆਂ ਦੁਆਰਾ ਮਾਨਤਾ ਪ੍ਰਦਾਨ ਕੀਤੀ ਜਾਂਦੀ ਹੈ।

ਇਸ ਲਈ ਪ੍ਰਾਪਤ ਸਿੱਖਿਆ ਦੇ ਸਾਰੇ ਡਾਕੂਮੈਂਟਾਂ ਅਤੇ ਆਪਣੇ ਦੇਸ਼ ਵਿੱਚੋਂ ਪ੍ਰਾਪਤ ਸਰਟੀਫਿਕੇਟ ਨਾਲ ਲਗਾ ਕੇ ਚੁਣੀ ਹੋਈ ਯੂਨੀਵਰਸਿਟੀ ਨੂੰ ਦਰਖਾਸਤ ਦਿੱਤੀ ਜਾਂਦੀ ਹੈ।

ਦਰਖਾਸਤ ਨਾਲ ਲੱਗਣ ਵਾਲੇ ਜ਼ਰੂਰੀ ਦਸਤਾਵੇਜ਼: ਡਿਪਲੋਮਾ ਸਰਟੀਫਿਕੇਟ, ਪਾਸ ਕੀਤੀ ਸਿੱਖਿਆ ਦਾ ਵੇਰਵਾ ਅਤੇ ਸਰਟੀਫਿਕੇਟ ਅਤੇ ਕੁੱਲ ਸਿੱਖਿਆ ਯੋਗਤਾ ਦਾ ਸਰਟੀਫਿਕੇਟ। ਇਹ ਸਾਰੇ ਦਸਤਾਵੇਜ਼ ਕਿਸੇ ਪ੍ਰਮਾਣਿਤ ਸੰਸਥਾ ਤੋਂ ਇਟਾਲੀਅਨ ਭਾਸ਼ਾ ਵਿੱਚ ਅਨੁਵਾਦ ਕਰਵਾਉਣੇ ਜ਼ਰੂਰੀ ਹਨ। ਇੱਕ ਹਲਫ਼ੀਆ ਬਿਆਨ ਜੋ ਇਸ ਸਿੱਖਿਆ ਯੋਗਤਾ ਦੀ ਪ੍ਰਮਾਣਤਾ, ਸਮਾਂ ਸੀਮਾ ਦਰਸਾਉਂਦਾ ਹੋਵੇ। ਇਹ ਸਾਰੇ ਦਸਤਾਵੇਜ਼ ਆਪਣੇ ਦੇਸ਼ ਵਿੱਚ ਸਥਿਤ ਇਟਾਲੀਅਨ ਅੰਬੈਸੀ/ਕੌਂਸਲੇਟ ਤੋਂ ਤਸਦੀਕ ਕਰਾਉਣੇ ਜ਼ਰੂਰੀ ਹਨ।

ਯੂਨੀਵਰਸਿਟੀ ਵੱਲੋਂ ਉਪਰੋਕਤ ਦਸਤਾਵੇਜ਼ਾਂ ਤੋਂ ਇਲਾਵਾ ਬਿਨੈਕਾਰ ਤੋਂ ਵਾਧੂ ਦਸਤਾਵੇਜ਼ਾਂ ਦੀ ਮੰਗ ਵੀ ਕੀਤੀ ਜਾ ਸਕਦੀ ਹੈ। ਜਿਆਦਾਤਰ ਕੇਸਾਂ ਵਿੱਚ ਯੂਨੀਵਰਸਿਟੀ ਵੱਲੋਂ ਪ੍ਰੀਖਿਆ ਨੂੰ ਪ੍ਰਮਾਣਿਤ ਕਰਕੇ ਵਿਦਿਆਰਥੀ ਨੂੰ ਪ੍ਰੀਖਿਆ ਵਿੱਚ ਬੈਠਣ ਦੀ ਆਗਿਆ ਦਿੱਤੀ ਜਾਂਦੀ ਹੈ, ਜਿਸਨੂੰ ਪਾਸ ਕਰਨ ਉਪਰੰਤ ਉਹ ਦਾਖਲਾ ਲੈ ਕੇ ਅਗਲੀ ਪੜ੍ਹਾਈ ਪੂਰੀ ਕਰ ਸਕਦਾ ਹੈ।

### ਪ੍ਰਾਪਤ ਸਿੱਖਿਆ ਨੂੰ ਚਾਲੂ ਰੱਖਣ ਸਬੰਧੀ ਮਾਨਤਾ (ਪੇਸ਼ਾਵਰ ਸਿੱਖਿਆ ਦੀ ਪ੍ਰੈਕਟਿਸ)

ਇਟਲੀ ਵਿੱਚ, ਅਨੁਭਵ ਪ੍ਰਾਪਤ ਕਰਨ ਲਈ ਵਿਵਸਾਇਕ/ਪੇਸ਼ਾਵਰ ਸਿੱਖਿਆ ਨੂੰ ਪ੍ਰਮਾਣਿਤ ਕਰਵਾਉਣ ਲਈ ਸਬੰਧਿਤ ਮਨਿਸਟਰੀ ਜਾਂ ਮਹਿਕਮੇ ਨੂੰ ਸਾਰੇ ਦਸਤਾਵੇਜ਼ਾਂ ਸਮੇਤ ਦਰਖਾਸਤ ਜਮਾਂ ਕਰਵਾਉਣੀ ਪੈਂਦੀ ਹੈ। ਜਿਸ ਅਧੀਨ: ਇਟਾਲੀਅਨ ਭਾਸ਼ਾ ਵਿੱਚ ਅਨੁਵਾਦ ਕੀਤਾ ਹੋਇਆ ਪ੍ਰਾਪਤ ਡਿਪਲੋਮਾ, ਪਾਸ ਕੀਤੀ ਪ੍ਰੀਖਿਆ ਦਾ ਵੇਰਵਾ ਅਤੇ ਤਜੁਰਬੇ (ਜੇ ਕੋਈ ਹੋਵੇ) ਸਬੰਧੀ ਦਸਤਾਵੇਜ਼। ਇਸ ਕੇਸ ਵਿੱਚ ਵਿਦੇਸ਼ ਵਿੱਚ ਸਿੱਖਿਆ ਪ੍ਰਾਪਤ ਕੀਤੀ ਹੋਵੇ ਜਾਂ ਇਟਲੀ ਵਿੱਚੋਂ, ਬਿਨੈਕਾਰ ਨੂੰ ਇੰਟਰਨਸ਼ਿੱਪ ਜਾਂ ਉਸਦੇ ਬਰਾਬਰ ਇਮਤਿਹਾਨ ਪਾਸ ਕਰਨਾ ਪੈਂਦਾ ਹੈ।

ਇਸ ਕੇਸ ਵਿੱਚ ਇਟਾਲੀਅਨ ਇਮੀਗ੍ਰੇਸ਼ਨ ਕਾਨੂੰਨ ਅਨੁਸਾਰ ਕੋਟਾ ਐਗਰੀਮੈਂਟ (ਦਿਕਰੀਤੋ ਫਲੂਸੀ) ਅਧੀਨ ਵਿਵਸਾਇਕ ਸਿੱਖਿਆ ਪ੍ਰਾਪਤ ਕਰਨ ਵਾਲੇ ਤਜੁਰਬਾ ਹਾਸਲ ਕਰਨ ਜਾਂ ਪੇਸ਼ੇ ਦੇ ਤੌਰ 'ਤੇ ਕਿਸੇ ਐਸੋਸੀਏਸ਼ਨ ਜਾਂ ਸੰਸਥਾ ਨਾਲ ਜੁੜ ਸਕਦੇ ਹਨ।

ਯੂਰਪੀਅਨ ਯੂਨੀਅਨ ਦੇ ਮੈਂਬਰ ਦੇਸ਼ਾਂ ਤੋਂ ਸਿੱਖਿਆ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਲਈ ਵੀ ਉਪਰੋਕਤ ਕਾਨੂੰਨ ਲਾਗੂ ਹੁੰਦਾ ਹੈ। ਸਿੱਖਿਆ ਨੂੰ ਪ੍ਰਮਾਣਿਤ ਕਰਾਉਣ ਲਈ ਕਿਸੇ ਤਜੁਰਬੇਕਾਰ ਸੰਸਥਾ ਕੋਲ ਦਾਖਲਾ ਲੈਣ ਦੀ ਲੋੜ ਨਹੀਂ।

ਯੂਰਪੀਅਨ ਯੂਨੀਅਨ ਦੇ ਮੈਂਬਰ ਦੇਸ਼ਾਂ ਦਾ ਫਰਜ ਬਣਦਾ ਹੈ ਕਿ ਉਹ ਵਿਵਸਾਇਕ ਸਿੱਖਿਆ ਜਾਂ ਤਜੁਰਬਾ ਪ੍ਰਾਪਤ ਕਰਨ ਦੇ ਚਾਹਵਾਨ ਵਿਦਿਆਰਥੀਆਂ ਨੂੰ ਪੂਰਨ ਅਜਾਦੀ ਪ੍ਰਦਾਨ ਕਰੇ।

### ਚਿਕਿਤਸਾ ਸਬੰਧੀ ਪੇਸ਼ੇ

ਚਿਕਿਤਸਕ (ਮੈਡੀਕਲ) ਸਿੱਖਿਆ ਨੂੰ ਪ੍ਰਮਾਣਿਤ ਕਰਵਾਉਣ ਲਈ ਜਾਂ ਵਿਵਸਾਇਕ ਤੌਰ 'ਤੇ ਚਿਕਿਤਸਕ ਵਜੋਂ ਕੰਮ ਕਰਨ ਲਈ ਸਿਹਤ ਮੰਤਰਾਲੇ ਤੋਂ ਮਨਜ਼ੂਰੀ ਲੈਣਾ ਜ਼ਰੂਰੀ ਹੈ।

ਚਿਕਿਤਸਕ ਤਜੁਰਬੇਕਾਰ ਲਈ ਬਿਮਾਰੀ ਦੀ ਰੋਕਥਾਮ, ਰੋਗ ਦੀ ਪਹਿਚਾਣ, ਰੋਗ ਦਾ ਇਲਾਜ ਅਤੇ ਰੋਗ ਤੋਂ ਪੂਰਨ ਮੁਕਤੀ ਦਾ ਤਜੁਰਬਾ ਹੋਣਾ ਜ਼ਰੂਰੀ ਹੈ।

ਇਹ ਸਭ ਕੁਝ ਕਰਨ ਲਈ ਚਿਕਿਤਸਕ ਦਾ ਪ੍ਰਮਾਣਿਤ ਹੋਣਾ ਜ਼ਰੂਰੀ ਹੈ।

ਚਿਕਿਤਸਾ ਸਬੰਧੀ ਖੇਤਰ ਵਿੱਚ ਕੰਮ ਕਰਨ ਲਈ ਸਿੱਖਿਆ ਦਾ ਪ੍ਰਮਾਣਿਤ ਹੋਣਾ ਬਹੁਤ ਜ਼ਰੂਰੀ ਹੈ।

ਇਸ ਲਈ ਵਿਦੇਸ਼ੀ ਚਿਕਿਤਸਕਾਂ ਨੂੰ ਇਸ ਖੇਤਰ ਵਿੱਚ ਤਜੁਰਬੇਕਾਰ ਦੇ ਤੌਰ 'ਤੇ ਜਾਂ ਤਜੁਰਬਾ ਹਾਸਿਲ ਕਰਨ ਅਤੇ ਕੰਮ ਕਰਨ ਲਈ ਆਪਣੀ ਚਿਕਿਤਸਕ ਸਿੱਖਿਆ ਨੂੰ ਪ੍ਰਮਾਣਿਤ ਕਰਾਉਣ ਲਈ ਇਸ ਨਾਲ ਸਬੰਧਿਤ ਕਿਸੇ ਪ੍ਰਮਾਣਿਤ ਸੰਸਥਾ ਤੋਂ ਤਸਦੀਕ ਜਾਂ ਆਗਿਆ ਲੈਣੀ ਜ਼ਰੂਰੀ ਹੈ।

ਇਟਲੀ ਜਾਂ ਇਟਲੀ ਤੋਂ ਬਾਹਰ ਵਿਦੇਸ਼ਾਂ ਵਿੱਚ ਰਹਿਣ ਵਾਲੇ ਇਸ ਸਬੰਧੀ ਦਰਖਾਸਤ ਦੇ ਸਕਦੇ ਹਨ।

AccoglienzaStranieri.it

ਵਿਦੇਸ਼ੀ ਇਸ ਦਰਖਾਸਤ ਨੂੰ ਆਪਣੇ ਦੇਸ਼ ਵਿੱਚ ਸਥਿਤ ਇਟਾਲੀਅਨ ਅੰਬੈਸੀ/ਕੌਂਸਲੇਟ ਨੂੰ ਆਪਣੀ ਦਰਖਾਸਤ ਖੁਦ ਜਾਂ ਆਪਣੇ ਕਿਸੇ ਪ੍ਰਤੀਨਿਧੀ ਦੁਆਰਾ ਜਮਾਂ ਕਰਵਾ ਸਕਦਾ ਹੈ। ਇਹ ਦਰਖਾਸਤ ਪ੍ਰਤੀਨਿਧੀ ਜਾਂ ਪ੍ਰਤੀਨਿਧਤਾ ਕਰਨ ਵਾਲੀ ਸੰਸਥਾ ਵੱਲੋਂ ਪ੍ਰਮਾਣਿਤ ਕਰਵਾਉਣੀ ਜਰੂਰੀ ਹੈ।

ਉਪਰੋਕਤ ਹਰ ਕੇਸ ਵਿੱਚ ਦਰਖਾਸਤ ਦੀ ਮਨਜ਼ੂਰੀ ਸਿਹਤ ਮੰਤਰਾਲੇ ਨੂੰ ਹੀ ਭੇਜੀ ਜਾਵੇਗੀ।

ਇਟਲੀ ਵਿੱਚ ਕਾਨੂੰਨੀ ਤੌਰ 'ਤੇ ਰਹਿਣ ਵਾਲੇ ਵਿਦੇਸ਼ੀ ਨਾਗਰਿਕ ਨਿੱਜੀ ਤੌਰ 'ਤੇ ਜਾਂ ਕਿਸੇ ਪ੍ਰਤੀਨਿਧੀ ਦੁਆਰਾ ਆਪਣੀ ਦਰਖਾਸਤ ਮਨਜ਼ੂਰੀ ਲਈ ਦੇ ਸਕਦੇ ਹਨ।

ਦਰਖਾਸਤ ਨਾਲ ਨੱਥੀ ਕੀਤੇ ਜਾਣ ਵਾਲੇ ਜਰੂਰੀ ਦਸਤਾਵੇਜ:

- ਸਿੱਖਿਆ ਸਬੰਧੀ ਸਰਟੀਫਿਕੇਟ ਜੋ ਦਰਖਾਸਤ ਦੇਣ ਲਈ ਜਰੂਰੀ ਹੋਣ
- ਤਸਦੀਕਸ਼ੁਦਾ ਦਸਤਾਵੇਜ਼ ਜੋ ਵਿਵਸਾਕਿ ਤੌਰ 'ਤੇ ਕੰਮ ਕਰਨ ਲਈ ਪ੍ਰਮਾਣਿਤ ਕਰਦੇ ਹੋਣ
- ਪ੍ਰਾਪਤ ਸਿੱਖਿਆ ਦਾ ਪੂਰਨ ਵੇਰਵਾ ਅਤੇ ਪਾਸ ਕੀਤੀ ਪ੍ਰੀਖਿਆ ਦੇ ਦਸਤਾਵੇਜ਼
- ਆਪਣੇ ਦੇਸ਼ ਵਿੱਚ ਇਸ ਕਿੱਤੇ ਸਬੰਧੀ ਕਿਸੇ ਪ੍ਰਮਾਣਿਤ ਸੰਸਥਾ ਵਿੱਚ ਦਾਖਲਾ ਹੋਣ ਦੇ ਦਸਤਾਵੇਜ਼
- ਹਲਫੀਆ ਬਿਆਨ ਜਾਂ ਨਿੱਜੀ ਜਾਣਕਾਰੀ
- ਬਿਨਾਂ ਕਿਸੇ ਰੋਕ-ਟੋਕ ਜਾਂ ਵਿਘਨ, (ਬਿਨਾਂ ਕਿਸੇ ਕਰਿ-ਮੀਨਲ ਰਿਕਾਰਡ) ਦੇ ਚਿਕਿਤਸਕ ਵਜੋਂ ਕੰਮ ਕੀਤੇ ਹੋਣ ਦਾ ਸਬੂਤ

**ਨੋਟ:** ਉਪਰੋਕਤ ਸਾਰੇ ਦਸਤਾਵੇਜ਼ਾਂ ਨੂੰ ਕਿਸੇ ਮਾਨਤਾ ਪ੍ਰਾਪਤ ਸੰਸਥਾ ਤੋਂ ਇਟਾਲੀਅਨ ਭਾਸ਼ਾ ਵਿੱਚ ਅਨੁਵਾਦ ਕਰਵਾਉਣਾ ਜਰੂਰੀ ਹੈ।

ਦਰਖਾਸਤ ਜਮਾਂ ਕਰਵਾਉਣ ਸਮੇਂ ਬਿਨੇਕਾਰ ਨੂੰ ਆਪਣਾ ਪਹਿਚਾਣ ਪੱਤਰ ਅਤੇ ਆਪਣੇ ਪ੍ਰਤੀਨਿਧੀ ਬਾਰੇ ਲਿਖਤੀ ਰੂਪ ਵਿੱਚ ਦੱਸਣਾ ਜਰੂਰੀ ਹੈ (ਜੇਕਰ ਬਿਨੇਕਾਰ ਆਪਣੇ ਹੱਥੀਂ ਦਰਖਾਸਤ ਜਮਾਂ ਨਹੀਂ ਕਰਵਾਉਂਦਾ)।

ਕੁਝ ਖੇਤਰਾਂ ਵਿੱਚ (ਕਲਾਬਰੀਆ, ਲਾਤਸੀਓ, ਉਮ-ਬਰੀਆ, ਕੰਪਾਨੀਆ, ਲਗੂਰੀਆ, ਵੇਨੇਤੋ, ਏਮਿਲੀਆ ਰੋਮਾਨਾ, ਲੋਮਬਾਰਦੀਆ, ਵਾਲੇ ਦ'ਔਸਤਾ) ਅਤੇ ਸੁਤੰਤਰ ਜਿਲ੍ਹੇ ਤਰੇਂਤੋ ਅਤੇ ਬੋਲਜ਼ਾਨੋ ਨਰਸਿੰਗ, ਤਕਨੀਕੀ ਸਿਹਤ ਸਿੱਖਿਆ, ਮੈਡੀਕਲ ਰੇਡੀਓਲੋਜੀ ਲਈ ਸੁਤੰਤਰ ਰੂਪ ਨਾਲ ਨਿਰਣੇ ਲੈਣ ਵਿੱਚ ਸਮਰੱਥ ਹਨ।

ਇਸ ਲਈ, ਜੋ ਇਸ ਖੇਤਰ ਵਿੱਚ ਮਹਾਰਤ ਹਾਸਿਲ ਕਰ ਚੁੱਕੇ ਹਨ ਜਾਂ ਇਸ ਖੇਤਰ ਵਿੱਚ ਕੰਮ ਕਰਨਾ ਚਾਹੁੰਦੇ ਹਨ ਉ ਇਨਾਂ ਜਿਲ੍ਹਿਆਂ ਵਿੱਚ ਆਪਣੀ ਦਰਖਾਸਤ ਸਬੰਧਿਤ ਦਸਤਾਵੇਜ਼ਾਂ ਨਾਲ ਇਸ ਨਾਲ ਸਬੰਧਿਤ ਮਹਿਕਮੇ ਜਾਂ ਜਿਲ੍ਹੇ ਦੇ ਦਫਤਰ ਵਿੱਚ ਭੇਜ ਸਕਦੇ ਹਨ।

## ਰੋਜਗਾਰ ਦੀ ਦੁਨੀਆਂ

### ਰੋਜਗਾਰ ਦੀ ਦੁਨੀਆਂ ਵਿੱਚ ਪਹੁੰਚਣ ਦਾ ਪਹਿਲਾ ਕਦਮ: ਵਿਵਸਾਇਕ ਟਰੇਨਿੰਗ ਵਿੱਚੋਂ

ਮੰਨ ਲਓ ਕਿ, ਇੱਕ ਵਿਦੇਸ਼ੀ ਵਿਦਿਆਰਥੀ ਜਿਸ ਕੋਲ ਵਿਵਸਾਇਕ ਕੰਮ ਦੀ ਸਿੱਖਿਆ ਨਹੀਂ ਹੈ, ਉਹ ਇਟਲੀ ਵਿੱਚ ਵਿਵਸਾਇਕ ਟਰੇਨਿੰਗ ਵਿੱਚ ਦਾਖਲਾ ਲੈਣਾ ਚਾਹੁੰਦਾ ਹੈ।

ਪੈਦਾਵਰ/ਵਿਸਤਾਰ ਖੇਤਰ ਵਿੱਚ ਵਿਵਸਾਇਕ ਟਰੇਨਿੰਗ ਦਾ ਹੋਣਾ ਬਹੁਤ ਜਰੂਰੀ ਹੈ। ਯੂਰਪੀਅਨ ਸੋਸ਼ਲ ਫੰਡ ਵਿ-ਵਸਾਇਕ ਟਰੇਨਿੰਗ ਲਈ ਖੇਤਰ ਅਤੇ ਜਿਲ੍ਹਿਆਂ ਦੀ ਮਾਲੀ ਤੌਰ 'ਤੇ ਮਦਦ ਕਰਦਾ ਹੈ।

ਇਹ ਕੋਰ ਟਰੇਨਿੰਗ ਕੇਂਦਰਾਂ (ਜਨਤਕ ਜਾਂ ਪ੍ਰਾਈਵੇਟ ਕੇਂਦਰ) ਅਤੇ ਸੰਸਥਾਵਾਂ ਦੁਆਰਾ ਉਪਲਭਧ ਕਰਵਾਏ ਜਾਂਦੇ ਹਨ।

ਇਨਾਂ ਕੋਰਸਾਂ ਦੇ ਵੱਖ-ਵੱਖ ਭਾਗ ਹੁੰਦੇ ਹਨ: ਜਰੂਰੀ ਪੋਸਟ ਸਕੂਲੀ ਸਿੱਖਿਆ, ਪੋਸਟ-ਡਿਪਲੋਮਾ ਅਤੇ ਪੋਸਟ-ਯੂਨੀਵਰਸਿਟੀ ਡਿਪਲੋਮਾ, ਪੋਸਟ ਗ੍ਰੇਜੂਏਟ (ਕੋਰਸ ਅਤੇ ਮਾਸਟਰ/ਮਾਹਿਰ), ਅਤੇ ਤਕਰੀਬਨ ਇਹ ਸਭ ਫ੍ਰੀ ਹੁੰਦੇ ਹਨ।

ਯੂਰਪੀਅਨ ਸੋਸ਼ਲ ਫੰਡ ਕਰਮਚਾਰੀ ਨੂੰ ਕੰਮ ਕਰਨ ਲਈ ਵੀ ਮਾਲੀ ਤੌਰ 'ਤੇ ਮਦਦ ਪ੍ਰਦਾਨ ਕਰਦਾ ਹੈ, ਖਾ-ਸਕਰ ਉਨ੍ਹਾਂ ਲਈ ਜੋ ਕੰਮ ਦੌਰਾਨ ਕਿਸੇ ਘਾਟੇ ਕਾਰਨ ਬੇਰੁਜਗਾਰ ਹਨ।

ਇਸਦੀ ਉਤਪਤੀ ਕਿਸੇ ਫਰਮ ਜਾਂ ਟਰੇਨਿੰਗ ਸੰਸਥਾ ਦੇ ਰੂਪ ਵਿੱਚ ਕੀਤੀ ਜਾਂਦੀ ਹੈ। ਵਿਦੇਸ਼ੀ ਨਾਗਰਿਕ ਇਨਾਂ ਕੋਰਸਾਂ ਤੋਂ ਬਾਹਰ ਨਹੀਂ ਹਨ।

ਮਨਿਸਟਰੀ ਆਫ ਸੋਸ਼ਲ ਪੋਲਿਸੀਜ਼ ਐਂਡ ਵੈਲਫੇਅਰ ਦੀ ਵੈੱਬਸਾਈਟ 'ਤੇ ਦੇਖਿਆ ਜਾ ਸਕਦਾ ਹੈ ਕਿ ਵਿਦੇਸ਼ੀ ਨਾਗਰਿਕ ਵੀ ਇਸ ਵਿੱਚ ਸ਼ਾਮਿਲ ਹਨ।

ਜੋ ਦੇਸ਼ ਯੂਰਪੀਅਨ ਯੂਨੀਅਨ ਦੇ ਮੈਂਬਰ ਨਹੀਂ ਹਨ ਉਨ੍ਹਾਂ ਦੇ ਨਾਗਰਿਕ ਉਸ ਸਮਾਨ ਸ਼੍ਰੇਣੀ ਵਿੱਚ ਸ਼ਾਮਿਲ ਹਨ ਜਿਸ ਵਿੱਚ, "ਵਿਕਲਾਂਗ, ਸਜਾ ਭੁਗਤ ਚੁੱਕੇ ਕੈਦੀ, ਨਸ਼ੇ ਦੇ ਆਦੀ ਅਤੇ ਬੇਦਖਲ" ਹਨ। ਕਾਨੂੰਨ ਅਨੁਸਾਰ ਅਸਥਾਈ ਤੌਰ 'ਤੇ ਕੰਮ ਕਰਨ ਲਈ ਆਉਣ ਵਾਲੇ ਵੀ ਇਨਾਂ ਕੋਰਸਾਂ ਵਿੱਚ ਹਿੱਸਾ ਲੈ ਸਕਦੇ ਹਨ।

ਅਕਸਰ ਇਸ ਲਈ 12 ਸਾਲ ਤੱਕ ਸਿੱਖਿਆ ਪ੍ਰਾਪਤ ਕੀਤੀ ਹੋਣ ਦੇ ਸਬੂਤ ਦੀ ਮੰਗ ਕੀਤੀ ਜਾਂਦੀ ਹੈ।

### ਨੌਕਰੀ ਸਬੰਧੀ ਸੈਂਟਰ ਵਿੱਚ

ਜੇ ਮੈਨੂੰ ਕੰਮ ਨਾ ਮਿਲਿਆ? ਇਸ ਲਈ ਜਿਲ੍ਹੇ ਦੇ ਕੰਮ ਸਬੰਧੀ ਸੈਂਟਰ ਵਿੱਚ ਆਪਣਾ ਨਾਂਅ ਦਾਖਲ ਕਰਵਾਉਣਾ ਪੈਂਦਾ ਹੈ।

ਇਸ ਲਈ ਆਪਣੇ ਸਰਟੀਫਿਕੇਟਾਂ ਨੂੰ ਇਟਾਲੀਅਨ ਭਾ-

AccoglienzaStranieri.it

ਸ਼ਾ ਵਿੱਚ ਅਨੁਵਾਦ ਕਰਵਾ ਕੇ ਆਪਣੇ ਸ਼ਹਿਰ ਦੀ ਕਚਿਹਰੀ ਤੋਂ ਤਸਦੀਕ ਕਰਵਾਉਣ ਤੋਂ ਬਾਅਦ ਇਸਨੂੰ ਜਮਾਂ ਕਰਵਾਉਣਾ ਪੈਂਦਾ ਹੈ।

ਇਸ ਲਈ ਹਾਈ ਸਕੂਲ ਦਾ ਡਿਪਲੋਮਾ, 12 ਸਾਲ ਦੀ ਸਿਖਿਆ ਪ੍ਰਾਪਤ ਕੀਤੀ ਹੋਣੀ ਜਰੂਰੀ ਹੈ।

ਕੁਝ ਦੇਸ਼ਾਂ (ਖਾਸਕਰ ਸਾਊਥ ਅਮਰੀਕਨ ਦੇਸ਼ਾਂ) ਵਿੱਚ ਸਿਖਿਆ ਦਾ ਸਮਾਂ 11 ਸਾਲ ਦਾ ਹੈ, ਇਸ ਕੇਸ ਵਿੱਚ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਹਾਈ ਸਕੂਲ ਵਿੱਚ ਦਾਖਲਾ ਲੈ ਕੇ ਸਿੱਖਿਆ ਦਾ ਸਮਾਂ ਪੂਰਾ ਕਰ ਲੈਣਾ ਚਾਹੀਦਾ ਹੈ।

ਇਹ ਸੈਂਟਰ ਵਿੱਚ ਨਾਂਅ ਦਾਖਲ ਕਰਾਉਣ ਅਤੇ ਹੋਰ ਪੜ੍ਹਾਈ ਕਰਨ ਦੋਨਾਂ ਲਈ ਲਾਭਦਾਇਕ ਹੈ।

ਸਿੱਖਿਆ ਯੋਗਤਾ ਸਬੰਧੀ ਦਸਤਾਵੇਜਾਂ ਨੂੰ ਮਾਨਤਾ ਪ੍ਰਾਪਤ ਸਥਾਨ ਤਸਦੀਕ ਕਰਾਉਣਾ ਬੇਹੱਦ ਜਰੂਰੀ ਹੈ। ਬਿਨੈਕਾਰ ਤੋਂ ਅਧਿਕਾਰੀ ਇਸ ਸਬੰਧੀ ਪੁੱਛ ਸਕਦੇ ਹਨ।

ਦਸਤਾਵੇਜ਼ਾਂ ਦਾ ਅਨੁਵਾਦ ਇਸ ਲਈ ਰਜਿਸਟਰਡ ਸੰਸਥਾ ਜਾਂ ਇਟਾਲੀਅਨ ਭਾਸ਼ਾ ਦਾ ਸਹੀ ਗਿਆਨ ਰੱਖਣ ਵਾਲੇ ਵਿਅਕਤੀ ਤੋਂ ਹੀ ਕਰਵਾਉਣਾ ਚਾਹੀਦਾ ਹੈ।

ਮਨਿਸਟਰੀ ਆੱਫ ਸੋਸ਼ਲ ਪੋਲੀਸੀਜ਼ ਐਂਡ ਵੈਲਫੇਅਰ ਵੀ ਵਿਦੇਸ਼ੀਆਂ ਨੂੰ ਨੌਕਰੀ ਸਬੰਧੀ ਮੌਕੇ ਪ੍ਰਦਾਨ ਕਰਨ ਵਿੱਚ ਸਹਾਇਤਾ ਕਰਦੀ ਹੈ। ਇਮੀਗ੍ਰੇਸ਼ਨ ਐਂਡ ਕੋ-ਆਰਡੀਨੇਸ਼ਨ ਆੱਫ ਸੋਸ਼ਲ ਇੰਟੇਗ੍ਰੇਸ਼ਨ ਪੋਲੀਸੀਜ਼ ਫਾੱਰ ਇਮੀਗ੍ਰਾਂਟਸ ਦੇ ਜਨਰਲ ਡਾਇਰੈਕਟਰ ਦਾ ਇਹ ਫਰਜ ਹੈ ਕਿ ਉਹ ਨਸਲੀ-ਭੇਦਭਾਵ ਖਿਲਾਫ ਢੁੱਕਵੀਂ ਕਾਰਵਾਈ ਕਰੇ।

ਪ੍ਰਵਾਸ ਸਬੰਧੀ ਕੰਮਾਂ ਨੂੰ ਦੇਖਣਾ, ਇਮੀਗ੍ਰਾਂਟਾਂ ਨੂੰ ਕੰਮ ਦੇ ਮੌਕੇ ਪ੍ਰਦਾਨ ਕਰਵਾਉਣਾ ਅਤੇ ਅੰਤਰਰਾਸ਼ਟਰੀ ਸਹਿਯੋਗ ਸਬੰਧੀ ਵਿਸ਼ਿਆਂ ਬਾਰੇ ਧਿਆਨ ਦੇਣਾ ਵੀ ਇਸ ਦਫਤਰ ਦਾ ਕੰਮ ਹੈ।

AccoglienzaStranieri.it